
FARM AND SPICE
Open 7 Days a Week
8.30 am to 9.00 pm
SPECIAL OFFERS: 1-7 DEC
Daily Specials on
ਗਾਜਰਾਂ
Carrots
Snaptop
99¢ /lb
ਹਰੇ ਪਿਆਜ
Green Onion
69¢ each
ਐਂਬ੍ਰੋਸੀਆ ਸੇਬ
Ambrosia BC
Apple
99¢ /lb
ਧਨੀਆ
Cilantro
69¢ each
ਆਵੋਕਾਡੋ
Avocado
99¢ each
ਚੁਕੰਦਰ
Beets
$1.29 /lb
ਗਾਲਾ ਬੀ ਸੀ ਸੇਬ
Gala BC
Apple
99¢ /lb
ਸੈਲਰੀ
Celery
$1.99 each
ਪਾਲਕ
Spinach
$1.49 /each
ਅਨਾਰ
Pomegranate
$2.99 each
ਸ਼ਲਗਮ
Turnip
White/Purple
$1.99 /lb
ਫੁੱਲ ਗੋਭੀ
Cauliflower
$2.99 each
ਲੈਟਿਸ ਹੈੱਡ
Lettuce
Head
$2.49 each
ਸਰੋਂ ਦਾ ਤੇਲ
Gagan
Mustard Oil
250ml $1.49 each
1ltr $4.99 each
ਹੀਰ ਖੰਡ
Heer Sugar
White/Brown
8 lb $6.99 each
ਮੇਰੀ ਚਾਹ
Meri Chai
Tea Bags
216Bags $5.49 each
ਅਖ਼ਰੋਟ
Walnuts
Bulk
$4.49 /lb
AMA Products at
lowest Price
Disposable
7' Spoons
20pcs $1.29 each
40pcs $3.99 each
7' Round
Plates
9 oz paper
cups
50pcs $3.99 each
40pcs $9.99 each
6 Compartment
cornstarch trays
ਪਾਰਲੀਮੈਂਟ ਚਾਵਲ
Parliament
Basmati Rice
8 lb $7.99 each
ਇੰਡੀਆ ਐਟ ਹੋਮ ਚਾਵਲ
India at Home
Basmati Rice
8lb $7.99 each
ਹੀਰ ਆਟਾ
Heer Atta
Whole Wheat/
Durum Chakki
20 lb $11.99 each
ਕ੍ਰਾਊਨ ਤੇਲ
Crown
Sunflower Oil
3 ltr $12.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਅਮਰੀਕਾ ਆਪਣੀ ਧਰਤੀ 'ਤੇ ਉਸਦੇ ਨਾਗਰਿਕ ਨੂੰ ਮਾਰਨ ਦੀ ਭਾਰਤ ਦੀ ਸਾਜ਼ਿਸ਼ ਦਾ ਜਵਾਬ ਦੇਵੇਗਾ:ਪੰਨੂ

ਨਿਊਯਾਰਕ: ਨਿਊਯਾਰਕ ਸਥਿਤ ਉੱਘੇ ਖਾਲਿਸਤਾਨ ਪੱਖੀ ਗੁਰਪਤਵੰਤ ਸਿੰਘ ਪੰਨੂਾ ਨੇ ਅਮਰੀਕਾ ਦੀ ਧਰਤੀ 'ਤੇ ਉਸ ਨੂੰ ਮਾਰਨ ਦੀ ਭਾਰਤ ਦੀ ਸਾਜ਼ਿਸ਼ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਇਹ ਕਦਮ "ਅਮਰੀਕੀ ਪ੍ਰਭੂਸੱਤਾ ਲਈ ਇੱਕ ਚੁਣੌਤੀ" ਹੈ ਇਸ ਉਮੀਦ ਨਾਲ ਕਿ ਬਿਡੇਨ ਪ੍ਰਸ਼ਾਸਨ ਇਸਦਾ ਜਵਾਬ ਦੇਵੇਗਾ।ਅਮਰੀਕਨ ਮੈਗਜ਼ੀਨ, ਟਾਈਮ ਨਾਲ ਇੱਕ ਵਿਸ਼ੇਸ਼ ਇੰਟਰਵਿਊ ਵਿੱਚ, ਗੁਰਪਤਵੰਤ ਸਿੰਘ ਪੰਨੂ ਨੇ ਕਿਹਾ, ਐਫਟੀ (ਫਾਈਨੈਂਸ਼ੀਅਲ ਟਾਈਮਜ਼) ਦੁਆਰਾ ਕਤਲ ਦੀ ਕੋਸ਼ਿਸ਼ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਗਿਆ ਹੈ।

"ਇਹ ਅਮਰੀਕੀ ਪ੍ਰਭੂਸੱਤਾ ਲਈ ਇੱਕ ਚੁਣੌਤੀ ਹੈ। ਇਹ ਅਮਰੀਕਾ ਵਿਚ ਬੋਲਣ ਦੀ ਆਜ਼ਾਦੀ ਅਤੇ ਜਮਹੂਰੀਅਤ ਲਈ ਖਤਰਾ ਹੈ।"ਉਸਨੇ ਜ਼ੋਰ ਦੇ ਕੇ ਕਿਹਾ ਕਿ ਉਹ ਭਾਰਤ ਦੀ ਹਿੰਸਾ ਦਾ ਮੁਕਾਬਲਾ ਵੋਟਾਂ ਨਾਲ ਕਰ ਰਿਹਾ ਹੈ।"ਮੈਂ ਸਿੱਖ ਭਾਈਚਾਰੇ ਦੇ ਸਵੈ-ਨਿਰਣੇ ਦੇ ਅਧਿਕਾਰ ਨੂੰ ਅੱਗੇ ਵਧਾਉਣਾ ਚਾਹੁੰਦਾ ਸੀ।"

ਪੰਨੂ ਨੇ ਕਿਹਾ, "ਮੈਂ ਇੱਕ ਅਮਰੀਕੀ ਹਾਂ, ਅਤੇ ਜੇਕਰ ਕੋਈ ਮੇਰੀ ਹੱਤਿਆ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਮੈਨੂੰ ਲੱਗਦਾ ਹੈ ਕਿ ਇਹ ਬਿਡੇਨ ਪ੍ਰਸ਼ਾਸਨ ਅਤੇ ਅਮਰੀਕੀ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਕੁਝ ਕਰਨ। "ਅਸੀਂ ਦੇਖਾਂਗੇ ਕਿ ਬਿਡੇਨ ਪ੍ਰਸ਼ਾਸਨ ਕਿਵੇਂ ਪ੍ਰਤੀਕ੍ਰਿਆ ਕਰੇਗਾ? ਕੀ ਉਹ ਵਪਾਰ ਦੀ ਕਦਰ ਕਰਦੇ ਹਨ, ਜਾਂ ਲੋਕਤੰਤਰ ਦੀ ਕਦਰ ਕਰਦੇ ਹਨ? ਕੀ ਉਹ ਮਨੁੱਖੀ ਅਧਿਕਾਰਾਂ ਦੀ ਕਦਰ ਕਰਦੇ ਹਨ, ਜਾਂ ਭਾਰਤ ਵਰਗੇ ਠੱਗ ਰਾਜ ਦਾ ਸਾਥ ਦੇਵੇਗਾ ਜਿਸ ਨੇ ਪਹਿਲਾਂ ਹੀ ਸਾਬਤ ਕਰ ਦਿੱਤਾ ਹੈ ਕਿ ਉਹ ਦਹਿਸ਼ਤ ਅਤੇ ਹਿੰਸਾ ਦੀ ਵਰਤੋਂ ਕਰੇਗਾ? ਵ੍ਹਾਈਟ ਹਾਊਸ ਦੇ ਬੁਲਾਰੇ ਐਡਰਿਏਨ ਵਾਟਸਨ ਨੇ ਕਿਹਾ ਕਿ ਵਾਸ਼ਿੰਗਟਨ ਨੇ "ਸਭ ਤੋਂ ਸੀਨੀਅਰ ਪੱਧਰਾਂ" ਸਮੇਤ ਭਾਰਤ ਸਰਕਾਰ ਕੋਲ ਇਹ ਮੁੱਦਾ ਉਠਾਇਆ ਹੈ।




ਟਾਈਮ ਮੈਗਜ਼ੀਨ ਨਾਲ ਆਪਣੀ ਇੰਟਰਵਿਊ ਵਿੱਚ ਪੰਨੂ ਨੇ ਕਿਹਾ ਕਿ ਭਾਰਤ ਸਰਕਾਰ ਨੇ ਉਸ ਨੂੰ ਮੋਸਟ ਵਾਂਟੇਡ ਅੱਤਵਾਦੀਆਂ ਦੀ ਸੂਚੀ ਵਿੱਚ ਪਾ ਦਿੱਤਾ ਹੈ। ਪੰਨੂ ਨੇ ਕਿਹਾ, "ਪਿਛਲੇ ਤਿੰਨ ਸਾਲਾਂ ਤੋਂ ਮੋਦੀ ਸਰਕਾਰ ਦੀ ਹਮਾਇਤ ਨਾਲ ਪੂਰਾ ਭਾਰਤੀ ਬਿਰਤਾਂਤ ਇਸ ਗੱਲ 'ਤੇ ਬਣਾਇਆ ਗਿਆ ਹੈ ਕਿ ਸ਼ਾਤੀ ਨਾਲ ਹੱਕ ਮੰਗ ਰਹੇ ਲੋਕਾਂ ਨੂੰ ਅਤਿਵਾਦੀ ਕਰਾਰ ਦੇ ਦਿਉ।ਅੱਤਵਾਦ ਦੀ ਕਾਰਵਾਈ ਉਦੋਂ ਹੁੰਦੀ ਹੈ ਜਦੋਂ ਤੁਸੀਂ ਬੰਬਾਰੀ ਕਰ ਰਹੇ ਹੋ ਜਾਂ ਨਿਰਦੋਸ਼ਾਂ ਨੂੰ ਮਾਰ ਰਹੇ ਹੋ, ਜਾਂ ਉਦੋਂ ਵੀ ਜਦੋਂ ਤੁਸੀਂ ਕਿਸੇ ਸਿਆਸੀ ਟੀਚੇ ਲਈ ਲੋਕ ਤੰਤਰੀ ਢੰਗ ਵਰਤ ਰਹੇ ਹੋ ?'' "ਮੈਂ ਆਪਣੀ ਜ਼ਿੰਦਗੀ ਲਈ ਖਤਰਿਆਂ ਤੋਂ ਜਾਣੂ ਹਾਂ, ਜਿਸ ਦੀ ਮੈਨੂੰ ਅਸਲ ਵਿੱਚ ਪਰਵਾਹ ਨਹੀਂ ਹੈ। ਪਰ ਮੈਂ ਹਿੰਸਾ ਨਾਲ ਜਵਾਬ ਨਹੀਂ ਦੇਵਾਂਗਾ। ਮੈਂ ਗੋਲੀ ਨਹੀਂ ਵਰਤਾਂਗਾ। ਮੈਂ ਕਦੇ ਵੀ ਪੰਜਾਬ ਦੇ ਲੋਕਾਂ ਨੂੰ ਹਿੰਸਾ ਦਾ ਰਾਹ ਅਪਣਾਉਣ ਲਈ ਨਹੀਂ ਉਕਸਾਵਾਂਗਾ ਜੋ ਮੇਰੇ ਨਾਲ ਕੰਮ ਕਰ ਰਹੇ ਹਨ ।ਕਈ ਸਵਾਲਾਂ ਦੇ ਜਵਾਬ ਦਿੰਦਿਆਂ ਪੰਨੂ ਨੇ ਕਿਹਾ, "ਸਾਨੂੰ ਕਦੇ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ ਕਿਉਂਕਿ ਭਾਰਤ ਨੇ ਸਾਨੂੰ ਅੱਤਵਾਦੀ ਕਰਾਰ ਦਿੱਤਾ ਹੈ। ਭਾਰਤ ਸਰਕਾਰ ਬਗਾਵਤ ਵਿਰੋਧੀ ਕਾਰਵਾਈ ਦੇ ਨਾਂ 'ਤੇ ਪੰਜਾਬ ਵਿਚ ਲੱਖਾਂ ਸਿੱਖਾਂ ਨੂੰ ਮਾਰਨ ਵਿਚ ਕਾਮਯਾਬ ਰਹੇ। ਹਿਊਮਨ ਰਾਈਟਸ ਵਾਚ, ਐਮਨੈਸਟੀ ਇੰਟਰਨੈਸ਼ਨਲ, 1994 ਵਿੱਚ ਯੂਐਸ ਡਿਪਾਰਟਮੈਂਟ ਆਫ਼ ਸਟੇਟ, ਅਤੇ ਹੋਰ ਏਜੰਸੀਆਂ ਦੀਆਂ ਰਿਪੋਰਟਾਂ ਹਨ ਕਿ 1984 ਤੋਂ 1995 ਦਰਮਿਆਨ ਕੀ ਵਾਪਰਿਆ।ਸਾਨੂੰ 1950 ਤੋਂ ਬਾਅਦ ਕਦੇ ਨਹੀਂ ਪੁੱਛਿਆ ਗਿਆ ਕੀ ਪੰਜਾਬ ਨੂੰ ਇੱਕ ਆਜ਼ਾਦ ਦੇਸ਼ ਹੋਣਾ ਚਾਹੀਦਾ ਹੈ? ਕੀ ਪੰਜਾਬ ਦੇ ਲੋਕਾਂ ਨੂੰ ਨਸਲਕੁਸ਼ੀ ਦੇ ਦੌਰ ਵਿੱਚੋਂ ਲੰਘਣ ਤੋਂ ਬਾਅਦ ਵੀ ਭਾਰਤ ਦੇ ਸੰਘ ਨਾਲ ਜੁੜਨਾ ਚਾਹੀਦਾ ਹੈ? 1947 ਵਿੱਚ ਪੰਜਾਬ ਦੇ ਲੋਕਾਂ ਤੋਂ ਕਦੇ ਨਹੀਂ ਪੁੱਛਿਆ ਗਿਆ ਅਤੇ ਨਾ ਹੀ ਕਦੇ ਇਸ ਨੂੰ ਬੈਲਟ 'ਤੇ ਪਾਇਆ ਗਿਆ ਹੈ। ਅਸੀਂ 26 ਜਨਵਰੀ, 2024 ਨੂੰ ਪੰਜਾਬ ਵਿੱਚ ਖਾਲਿਸਤਾਨ ਰੈਫਰੈਂਡਮ ਵੋਟਰ ਰਜਿਸਟ੍ਰੇਸ਼ਨ ਰਾਹੀਂ ਇਸ ਸਵਾਲ ਨੂੰ ਖੋਲ੍ਹਣ ਜਾ ਰਹੇ ਹਾਂ। ਇਸ ਲਈ ਉਹ ਮੇਰੇ ਲਈ ਜ਼ਿੰਦਾ ਰਹਿਣਾ ਬਰਦਾਸ਼ਤ ਨਹੀਂ ਕਰ ਸਕਦੇ। "ਪੰਜਾਬ ਦੇ ਲੋਕਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਹੈ। ਉਨ੍ਹਾਂ ਦੇ ਆਰਥਿਕ ਸਰੋਤਾਂ 'ਤੇ ਉਨ੍ਹਾਂ ਦਾ ਹੱਕ ਹੈ ਜੋ ਭਾਰਤ ਦੁਆਰਾ ਲੁੱਟਿਆ ਜਾ ਰਿਹਾ ਹੈ।

# ਮਹਿਲਾ ਮੁਸਲਿਮ ਵਿਧਾਇਕਾ ਦੇ ਦੌਰੇ ਮਗਰੋਂ ਮੰਦਰ ਨੂੰ ਗੰਗਾ ਜਲ ਨਾਲ ਸ਼ੁੱਧ ਕੀਤਾ

ਸਿਧਾਰਥਨਗਰ (ਉੱਤਰ ਪ੍ਰਦੇਸ਼), ਇੱਥੋਂ ਦੇ ਸਿਧਾਰਥਨਗਰ ਜ਼ਿਲ੍ਹੇ ਵਿੱਚ ਇੱਕ ਮੰਦਿਰ ਵਿੱਚ ਸਮਾਜਵਾਦੀ ਪਾਰਟੀ (ਸਪਾ) ਦੀ ਮੁਸਲਿਮ ਵਿਧਾਇਕਾ ਦੇ ਦੌਰੇ ਮਗਰੋਂ ਧਾਰਮਿਕ ਅਸਥਾਨ ਨੂੰ 'ਗੰਗਾਜਲ ਨਾਲ ਸ਼ੁੱਧ' ਕੀਤਾ ਗਿਆ। ਡੁਮਰੀਆਗੰਜ ਵਿਧਾਨ ਸਭਾ ਹਲਕੇ ਦੀ ਵਿਧਾਇਕਾ ਸਈਦਾ ਖ਼ਾਤੂਨ ਐਤਵਾਰ ਨੂੰ 'ਸ਼ਤਚੰਡੀ ਮਹਾਯੱਗ' ਵਿੱਚ ਹਿੱਸਾ ਲੈਣ ਲਈ ਸਥਾਨਕ ਲੋਕਾਂ ਦੇ ਬੁਲਾਉਣ 'ਤੇ ਸਮਯ ਮਾਤਾ ਮੰਦਿਰ ਵਿੱਚ ਗਈ ਸੀ। ਖਾਤੂਨ ਦੇ ਜਾਣ ਮਗਰੋਂ ਉਸ ਦੇ ਵਿਰੋਧੀਆਂ ਨੇ ਮੰਦਿਰ ਨੂੰ ਗੰਗਾਜਲ ਨਾਨ ਸ਼ੁੱਧ ਕੀਤਾ। ਮੰਦਿਰ ਨੂੰ ਸ਼ੁੱਧ ਕਰਨ ਵਾਲਿਆਂ ਦੀ ਅਗਵਾਈ ਕਰਨ ਵਾਲੇ ਬਦਾਨੀ ਚਾਫ਼ਾ ਦੇ ਨਗਰ ਪੰਚਾਇਤ ਮੁਖੀ ਧਰਮਰਾਜ ਵਰਮਾ ਨੇ ਕਿਹਾ ਕਿ ਵਿਧਾਇਕਾ ਇੱਕ ਮੁਸਲਿਮ ਹੈ ਅਤੇ ਗਾਂ ਦਾ ਮਾਸ ਖਾਂਦੀ ਹੈ, ਇਸ ਲਈ ਇਹ ਪਵਿੱਤਰ ਸਥਾਨ ਉਨ੍ਹਾਂ ਦੇ ਆਉਣ ਕਾਰਨ ਅਸ਼ੁੱਧ ਹੋ ਗਿਆ ਹੈ। ਸੰਪਰਕ ਕਰਨ 'ਤੇ ਵਿਧਾਇਕ ਸਈਦਾ ਖ਼ਾਤੂਨ ਨੇ ਦੱਸਿਆ ਕਿ ਇਲਾਕੇ ਦੇ ਕਈ ਬ੍ਰਾਹਮਣ ਅਤੇ ਸੰਤ ਮੇਰੇ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੇ ਉਸ ਨੂੰ ਦਸ ਦਿਨ ਪਹਿਲਾਂ ਇਸ ਲਈ ਸੱਦਾ ਦਿੱਤਾ ਸੀ। ਆਪਣੇ ਦੌਰੇ ਦੇ ਵਿਰੋਧ ਬਾਰੇ ਉਸ ਨੇ ਕਿਹਾ ਕਿ ਨਗਰ ਪੰਚਾਇਤ ਮੁਖੀ ਵਰਮਾ ਭਾਜਪਾ ਅਤੇ ਹਿੰਦੂ ਯੁਵਾ ਸੰਗਠਨ ਨਾਲ ਜੁੜੇ ਹੋਏ ਹਨ। ਉਸ ਨੇ ਕਿਹਾ ਕਿ ਉਹ ਅਜਿਹੇ ਲੋਕਾਂ ਤੋਂ ਡਰਨ ਵਾਲੀ ਨਹੀਂ ਹੈ।

# ਉੱਤਰਕਾਸ਼ੀ ਬਚਾਅ ਕਾਰਜ:ਸੁਰੰਗ 'ਚ ਫਸੇ ਸਾਰੇ ਮਜ਼ਦੂਰ ਸੁਰੱਖਿਆ ਬਾਹਰ ਕੱਢੇ

ਉੱਤਰਕਾਸ਼ੀ-ਸਿਲਕਿਆਰਾ ਸੁਰੰਗ 'ਚ ਪਿਛਲੇ 16 ਦਿਨਾਂ ਤੋਂ ਫਸੇ 41 ਮਜ਼ਦੂਰਾਂ ਨੂੰ ਸੁਰੱਖਿਆ ਬਾਹਰ ਕੱਢ ਲਿਆ ਗਿਆ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਇਸ ਮੌਕੇ ਘਟਨਾ ਸਥਾਨ 'ਤੇ ਹਾਜ਼ਰ ਸਨ। ਉਨ੍ਹਾਂ ਸੁਰੰਗ 'ਚੋਂ ਸੁਰੱਖਿਅਤ ਬਾਹਰ ਆਏ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਅਤੇ ਬਚਾਅ ਕਾਰਜਾਂ 'ਚ ਲੱਗੀਆਂ ਟੀਮਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਤੋਦੀ ਅਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਬਚਾਅ ਕਰਜਾਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਾਲੀਆਂ ਟੀਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ।



BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ
ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਭਾਜਪਾ ਇੰਨੀ ਪੰਜਾਬ ਵਿਰੋਧੀ ਹੈ ਕਿ ਇਨ੍ਹਾਂ ਦਾ ਵੱਸ ਚੱਲੇ ਤਾਂ ਰਾਸ਼ਟਰੀ ਗੀਤ ਵਿੱਚੋਂ ਪੰਜਾਬ ਦਾ ਨਾਮ ਹੀ ਹਟਾ ਦੇਣ:ਮੁੱਖ ਮੰਤਰੀ ਮਾਨ



ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲਈ ਕੇਂਦਰ ਸਰਕਾਰ ਦੀ ਕਰੜੀ ਆਲੋਚਨਾ ਕੀਤੀ ਹੈ।ਪੰਜਾਬ ਵਿਧਾਨ ਸਭਾ ਵਿੱਚ ਬਹਿਸ ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਅਚੰਭੇ ਵਾਲੀ ਗੱਲ ਹੈ ਕਿ ਪੰਜਾਬ ਨੇ ਦੇਸ਼ ਦੇ ਅਨਾਜ ਉਤਪਾਦਨ ਵਿੱਚ ਅਹਿਮ ਯੋਗਦਾਨ ਪਾਉਣ ਤੋਂ ਇਲਾਵਾ ਭਾਰਤੀ ਫੌਜ ਵਿੱਚ ਸਭ ਤੋਂ ਵੱਧ ਨੁਮਾਇੰਦਗੀ ਦਿੱਤੀ ਹੈ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਹਮੇਸ਼ਾ ਸੂਬੇ ਨੂੰ ਅਣਗੌਲਿਆ ਕੀਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਆਰ.ਡੀ.ਐਫ. ਦਾ ਬਣਦਾ ਹਿੱਸਾ ਨਹੀਂ ਮਿਲ ਰਿਹਾ।ਮਾਨ ਨੇ ਕਿਹਾ ਕਿ ਭਾਵੇਂ ਜੀ.ਐਸ.ਟੀ. ਸੂਬੇ ਇਕੱਤਰ ਕਰਦੇ ਹਨ ਪਰ ਆਪਣਾ ਬਣਦਾ ਹਿੱਸਾ ਲੈਣ ਲਈ ਕੇਂਦਰ ਸਰਕਾਰ ਅੱਗੇ ਹੱਥ ਅੱਡਣੇ ਪੈਂਦੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਵਿਰੋਧੀ ਖ਼ਬਤ ਦੀ ਸ਼ਿਕਾਰ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ ਉਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀ ਮਰਜ਼ੀ ਚੱਲੇ ਤਾਂ ਉਹ ਕੌਮੀ ਗੀਤ ਵਿੱਚੋਂ ਵੀ ਪੰਜਾਬ ਦਾ ਨਾਮ ਕੱਟ ਦੇਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਕਰਨ ਦੇ ਬਾਵਜੂਦ ਭਾਜਪਾ ਦੇ ਸੂਬਾਈ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਇਸ ਸਮੁੱਚੇ ਮਸਲੇ ਉਤੇ ਚੁੱਪ ਧਾਰੀ ਬੈਠੇ ਹਨ।

# ਗੁਜਰਾਤ ਵਿੱਚ ਤਨਖ਼ਾਹ ਮੰਗਣ 'ਤੇ ਮਹਿਲਾ ਕਾਰੋਬਾਰੀ ਨੇ ਦਲਿਤ ਨੂੰ ਕੁੱਟਿਆ ਤੇ ਆਪਣੀ ਜੁੱਤੀ ਉਸ ਦੇ ਮੂੰਹ 'ਚ ਪਾਈ





ਮੋਰਬੀ, (ਯੂ. ਐਨ. ਆਈ.)-ਗੁਜਰਾਤ ਦੇ ਮੋਰਬੀ ਸ਼ਹਿਰ ਦੀ ਪੁਲੀਸ ਨੇ ਮਹਿਲਾ ਕਾਰੋਬਾਰੀ ਅਤੇ ਛੇ ਹੋਰਾਂ ਵਿਰੁੱਧ 21 ਸਾਲਾ ਦਲਿਤ ਵਿਅਕਤੀ ਨੂੰ ਤਨਖਾਹ ਮੰਗਣ 'ਤੇ ਉਸ ਦੀ ਕੁੱਟਮਾਰ ਕਰਨ ਅਤੇ ਉਸ ਦੇ ਮੂੰਹ ਵਿੱਚ ਜੁੱਤੀਆਂ ਰੱਖ ਕੇ ਮੁਆਫੀ ਮੰਗਣ ਲਈ ਮਜਬੂਰ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ।ਪੀੜਤ ਨਿਲੇਸ਼ ਦਲਸਾਨੀਆ ਨੇ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਦੇ ਆਧਾਰ 'ਤੇ ਮੋਰਬੀ ਸ਼ਹਿਰ ਦੀ 'ਏ' ਡਿਵੀਜ਼ਨ ਪੁਲੀਸ ਨੇ ਔਰਤ ਵਿਭੂਤੀ ਪਟੇਲ ਉਰਫ ਰਾਣੀਬਾ ਅਤੇ ਉਸ ਦੇ ਭਰਾ ਓਮ ਪਟੇਲ ਅਤੇ ਮੈਨੇਜਰ ਪਰੀਕਸ਼ਿਤ ਸਮੇਤ ਹੋਰਾਂ ਖਿਲਾਫ ਐੱਫਆਈਆਰ ਦਰਜ ਕੀਤੀ ਹੈ। ਵਿਭੂਤੀ ਪਟੇਲ ਰਾਣੀਬਾ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ ਦੀ ਮਾਲਕਣ ਹੈ। ਐੱਫਆਈਆਰ ਵਿੱਚ ਕਿਹਾ ਗਿਆ ਹੈ ਕਿ ਅਕਤੂਬਰ ਦੀ ਸ਼ੁਰੂਆਤ ਵਿੱਚ ਉਸ ਨੇ ਦਲਸਾਨੀਆ, ਜੋ ਟਾਇਲਸ ਮਾਰਕੀਟਿੰਗ ਵਿੱਚ ਹੈ, ਨੂੰ 12,000 ਰੁਪਏ ਦੀ ਮਹੀਨਾਵਾਰ ਤਨਖਾਹ 'ਤੇ ਨੌਕਰੀ 'ਤੇ ਰੱਖਿਆ। 18 ਅਕਤੂਬਰ ਨੂੰ ਉਸ ਨੇ ਅਚਾਨਕ ਦਲਸਾਨੀਆ ਨੂੰ ਬਰਖਾਸਤ ਕਰ ਦਿੱਤਾ, ਜਦੋਂ ਦਲਸਾਨੀਆ ਨੇ ਕੰਪਨੀ ਵਿਚ ਕੰਮ ਕਰਨ ਲਈ 16 ਦਿਨਾਂ ਲਈ ਆਪਣੀ ਤਨਖਾਹ ਦੀ ਮੰਗ ਕੀਤੀ ਤਾਂ ਪਟੇਲ ਨੇ ਸਪੱਸ਼ਟ ਜਵਾਬ ਨਹੀਂ ਦਿੱਤਾ ਅਤੇ ਫਿਰ ਉਸ ਦੇ ਫੋਨ ਦਾ ਜਵਾਬ ਦੇਣਾ ਬੰਦ ਕਰ ਦਿੱਤਾ। ਦਲਸਾਨੀਆ, ਉਸ ਦਾ ਭਰਾ ਮੇਹੁਲ ਅਤੇ ਗੁਆਂਢੀ ਭਾਵੇਸ਼ ਦਫਤਰ ਗਏ ਤਾਂ ਕਾਰੋਬਾਰੀ ਦਾ ਭਰਾ ਓਮ ਪਟੇਲ ਆਪਣੇ ਸਾਥੀਆਂ ਨਾਲ ਉਸ ਜਗਾ 'ਤੇ ਪਹੁੰਚ ਗਿਆ ਅਤੇ ਤਿੰਨਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਐੱਫਆਈਆਰ ਵਿਚ ਕਿਹਾ ਗਿਆ ਹੈ ਕਿ ਵਿਭੂਤੀ ਪਟੇਲ ਨੇ ਉਸ ਨੂੰ ਥੱਪੜ ਮਾਰਿਆ ਅਤੇ ਘੜੀਸਿਆ। ਇਸ ਵਿਚ ਕਿਹਾ ਗਿਆ ਹੈ ਕਿ ਪਰੀਕਸ਼ਿਤ ਪਟੇਲ, ਓਮ ਪਟੇਲ ਅਤੇ ਛੇ ਤੋਂ ਸੱਤ ਅਣਪਛਾਤੇ ਵਿਅਕਤੀਆਂ ਸਮੇਤ ਮੁਲਜ਼ਮਾਂ ਨੇ ਉਸ ਨੂੰ ਬੈਲਟਾਂ ਨਾਲ ਕੁੱਟਿਆ ਅਤੇ ਉਸ ਨੂੰ ਲੱਤਾਂ ਅਤੇ ਮੁੱਕੇ ਵੀ ਮਾਰੇ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਵਿਭੂਤੀ ਪਟੇਲ ਨੇ ਆਪਣੀ ਜੁੱਤੀ ਉਸ ਦੇ ਮੂੰਹ ਵਿੱਚ ਪਾ ਦਿੱਤੀ ਤੇ ਮੁਆਫ਼ੀ ਮੰਗਣ ਲਈ ਕਿਹਾ। ਉਸ ਨੇ ਇਹ ਵੀ ਧਮਕੀ ਦਿੱਤੀ ਕਿ ਜੇ ਉਸ ਨੂੰ ਦੁਬਾਰਾ ਨੇੜੇ ਤੇੜੇ ਦੇਖਿਆ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਘਰ ਪਰਤਣ ਤੋਂ ਬਾਅਦ ਦਲਿਤ ਵਿਅਕਤੀ ਨੂੰ ਮੋਰਬੀ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਸਾਰੇ ਮੁਲਜ਼ਮਾਂ 'ਤੇ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ ਪਰ ਹਾਲੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸਾਨੂੰ ਦੱਸੋ ਸਾਡੇ ਬੰਦੇ ਜਿਉਂਦੇ ਹਨ ਜਾਂ ਮਾਰ ਦਿੱਤੇ:ਮਹਿਬੂਬਾ
# ਵੱਡੇ-ਵੱਡੇ ਤਿਰੰਗੇ ਝੰਡੇ ਲਹਿਰਾਉਂਣ ਨਾਲ ਲੋਕਾਂ ਦੇ ਦਿਲ ਨਹੀਂ ਜਿੱਤ ਹੋਣੇ:ਉਮਰ ਅਬਦੁੱਲਾ



ਸ਼੍ਰੀਨਗਰ:ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਹਜ਼ਾਰਾਂ ਲੋਕਾਂ ਦੀ ਮਨਮਾਨੀ ਗ੍ਰਿਫਤਾਰੀ 'ਤੇ ਨਾਰਾਜ਼ਗੀ ਜਤਾਉਂਦੇ ਹੋਏ ਕਿਹਾ ਹੈ ਕਿ ਭਾਰਤ ਦੀਆਂ ਵੱਖ-ਵੱਖ ਸਰਕਾਰੀ ਏਜੰਸੀਆਂ ਦੀਆਂ "ਦਮਨਕਾਰੀ ਨੀਤੀਆਂ" ਨੇ ਜੰਮੂ-ਕਸ਼ਮੀਰ ਵਿੱਚ ਲੋਕਾਂ ਦੀ ਜ਼ਿੰਦਗੀ, ਜਾਇਦਾਦ ਅਤੇ ਨਿੱਜਤਾ ਨੂੰ ਅਸੁਰੱਖਿਅਤ ਕਰ ਦਿੱਤਾ ਹੈ।ਮਹਿਬੂਬਾ ਮੁਫ਼ਤੀ ਨੇ ਸ੍ਰੀਨਗਰ ਵਿੱਚ ਜਾਰੀ ਇੱਕ ਬਿਆਨ ਵਿੱਚ ਅਖੌਤੀ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੀ ਗਈ ਇੱਕ ਬਜ਼ੁਰਗ ਔਰਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਬਜ਼ੇ ਵਾਲੇ ਖੇਤਰ ਵਿੱਚ ਔਰਤਾਂ ਨੂੰ ਵੀ ਬਖਸ਼ਿਆ ਨਹੀਂ ਗਿਆ।

ਉਸਨੇ ਕਿਹਾ ਕਿ ਭਾਵੇਂ ਐਨਆਈਏ, ਸੀਬੀਆਈ, ਐਸਆਈਏ ਅਤੇ ਐਸਆਈਯੂ ਵਰਗੀਆਂ ਏਜੰਸੀਆਂ ਦੁਆਰਾ ਅਣਗਿਣਤ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ "ਕਿਰਪਾ ਕਰਕੇ ਸਾਨੂੰ ਦੱਸੋ ਕਿ ਉਹ ਜ਼ਿੰਦਾ ਹਨ ਜਾਂ ਮਰੇ ਹਨ?

ਉਹ ਕਿੱਥੇ ਰੱਖੇ ਹੋਏ ਹਨ? ਕਿਸ ਅਦਾਲਤ ਨੇ ਉਨ੍ਹਾਂ ਨੂੰ ਕਿਹੜੀ ਜੇਲ੍ਹ ਵਿੱਚ ਭੇਜਿਆ ਹੈ?

ਆਲ ਪਾਰਟੀਜ਼ ਹੁਰੀਅਤ ਕਾਨਫਰੰਸ (ਏਪੀਐਚਸੀ) ਨੇ ਵੀ ਪਿਛਲੇ ਕਈ ਸਾਲਾਂ ਤੋਂ ਭਾਰਤ ਅਤੇ ਮਕਬੂਜ਼ਾ ਜੰਮੂ-ਕਸ਼ਮੀਰ ਦੀਆਂ ਬਦਨਾਮ ਜੇਲ੍ਹਾਂ ਵਿੱਚ ਬੰਦ ਗ਼ੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਹੁਰੀਅਤ ਆਗੂਆਂ ਅਤੇ ਕਾਰਕੁਨਾਂ ਦੀ ਦੁਰਦਸ਼ਾ 'ਤੇ ਚਿੰਤਾ ਪ੍ਰਗਟਾਈ ਹੈ।ਚਾਰ ਹਜ਼ਾਰ ਤੋਂ ਵੱਧ ਨੇਤਾਵਾਂ ਅਤੇ ਕਾਰਕੁਨਾਂ ਬੇਬੁਨਿਆਦ ਦੋਸ਼ਾਂ ਤਹਿਤ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ।ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਭਾਰਤ ਦੀ ਹਿੰਦੂਤਵ ਸ਼ਾਸਨ ਨੇ ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਨੇੜਲੇ ਭਵਿੱਖ ਵਿੱਚ ਜ਼ਬਤ ਕਰਨ ਲਈ 4000 ਤੋਂ ਵੱਧ ਹੋਰ ਨਿੱਜੀ ਜਾਇਦਾਦਾਂ ਦੀ ਸੂਚੀ ਤਿਆਰ ਕੀਤੀ ਹੈ।

ਭਾਰਤ ਦੀਆਂ ਖੌਫਨਾਕ ਏਜੰਸੀਆਂ ਸਟੇਟ ਇਨਵੈਸਟੀਗੇਸ਼ਨ ਏਜੰਸੀ ਅਤੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਕਸ਼ਮੀਰੀ ਲੋਕਾਂ ਦੀਆਂ ਖੇਤੀਬਾੜੀ ਜ਼ਮੀਨਾਂ, ਸਕੂਲਾਂ, ਘਰਾਂ ਅਤੇ ਦਫਤਰਾਂ ਸਮੇਤ ਨਿਸ਼ਾਨਾ ਬਣਾਏ ਗਏ ਸੰਪਤੀਆਂ ਦੀ ਸੂਚੀ ਇਕੱਠੀ ਕੀਤੀ ਹੈ।

ਨੈਸ਼ਨਲ ਕਾਨਫਰੰਸ (ਐਨਸੀ) ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਪੁੱਛਿਆ ਹੈ ਕਿ ਜੇਕਰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਮ ਸਥਿਤੀ ਅਤੇ ਵਿਕਾਸ ਦੇ ਦਾਅਵੇ ਸੱਚ ਹਨ ਤਾਂ ਨਵੀਂ ਦਿੱਲੀ ਜੰਮੂ-ਕਸ਼ਮੀਰ ਵਿੱਚ ਚੋਣਾਂ ਕਰਵਾਉਣ ਤੋਂ ਕਿਉਂ ਝਿਜਕ ਰਹੀ ਹੈ।"ਹਰ ਥਾਂ ਵੱਡੇ ਤਿਰੰਗੇ ਝੰਡੇ ਲਹਿਰਾਉਣ ਨਾਲ ਲੋਕਾਂ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ। ਲੋਕਾਂ ਦੇ ਦਿਲ ਜਿੱਤਣ ਲਈ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਅਤੇ ਉਨ੍ਹਾਂ ਦੇ ਦੁੱਖਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਭਾਵਨਾਵਾਂ ਨੂੰ ਘਟਾਉਣਾ ਪੈਂਦਾ ਹੈ।ਤੁਸੀਂ ਲੋਕਾਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ ਦਾ ਦਿਲ ਨਹੀਂ ਜਿੱਤ ਸਕਦੇ।ਉਮਰ ਨੇ ਕਿਹਾ ਕਿ ਨਵੀਂ ਦਿੱਲੀ ਨੇ ਧਾਰਾ 370 ਬਾਰੇ ਬਹੁਤ ਪ੍ਰਚਾਰ ਕੀਤਾ ਜੋ ਆਖਿਰਕਾਰ ਝੂਠ ਅਤੇ ਧੋਖਾ ਸਾਬਤ ਹੋਇਆ।

"ਪੂਰੀ ਦੁਨੀਆ ਨੂੰ ਦੱਸਿਆ ਗਿਆ ਸੀ ਕਿ ਧਾਰਾ 370 ਜੰਮੂ-ਕਸ਼ਮੀਰ ਵਿੱਚ ਰੁਜ਼ਗਾਰ ਲਈ ਇੱਕ ਰੁਕਾਵਟ ਹੈ, ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੀ ਜੜ੍ਹ ਹੈ। ...ਕੀ ਬਦਲਿਆ ਹੈ? ਜੇਕਰ ਭਾਜਪਾ ਨੇ ਜੰਮੂ-ਕਸ਼ਮੀਰ ਦਾ ਵਿਕਾਸ ਕੀਤਾ ਹੈ ਤਾਂ ਚੋਣਾਂ ਤੋਂ ਭੱਜਣ ਦੀ ਕੀ ਲੋੜ ਹੈ।

## ਨੇਪਾਲ ਵਿਚ ਹਿੰਦੂ ਰਾਸ਼ਟਰ ਬਣਾਉਣ ਦੀ ਮੰਗ, ਲੋਕ ਸੜਕਾਂ ਤੇ ਉਤਰੇ

ਕਾਠਮਾਂਡੂ: ਭਾਰਤ ਦਾ ਗੁਆਂਢੀ ਦੇਸ਼ ਨੇਪਾਲ ਆਪਣੇ ਹਿੰਦੂ ਸੰਸਕ੍ਰਿਤੀ ਲਈ ਮਸ਼ਹੂਰ ਹੈ। ਨੇਪਾਲ ਵਿਚ ਵੱਡੀ ਗਿਣਤੀ ਵਿਚ ਹਿੰਦੂ ਭਾਈਚਾਰਾ ਰਹਿੰਦਾ ਹੈ। ਇਨ੍ਹਾਂ ਵਿਚ ਮਧੇਸੀ ਲੋਕਾਂ ਦੀ ਵੱਡੀ ਗਿਣਤੀ ਹੈ। ਹਾਲਾਂਕਿ, ਹਾਲ ਹੀ ਦੇ ਸਮੇਂ ਵਿੱਚ ਨੇਪਾਲ ਨੇ ਹਿੰਦੂ ਰਾਸ਼ਟਰ ਦਾ ਖਿਤਾਬ ਗੁਆ ਦਿੱਤਾ ਹੈ। ਨੇਪਾਲ ਵਿੱਚ ਲੰਬੇ ਸਮੇਂ ਤੱਕ ਰਾਜਸ਼ਾਹੀ ਰਹੀ। ਇਸ ਸਭ ਦੇ ਵਿਚਕਾਰ ਨੇਪਾਲ ਦੇ ਲੋਕ ਵੀਰਵਾਰ ਨੂੰ ਨੇਪਾਲ ਵਿੱਚ ਰਾਜਸ਼ਹੀ ਦੀ ਮੰਗ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨ ਕਰਨ ਦੀ ਵੱਡੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰ ਆਏ।ਨੇਪਾਲ ਦੇ ਲੋਕ ਸੜਕਾਂ 'ਤੇ ਉਤਰ ਆਏ ਅਤੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਹੱਥਾਂ ਵਿੱਚ ਝੰਡੇ ਸਨ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਇਨ੍ਹਾਂ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਮੰਗ ਕੀਤੀ ਕਿ ਨੇਪਾਲ ਵਿੱਚ ਰਾਜਸ਼ਾਹੀ ਮੁੜ ਸਥਾਪਿਤ ਕੀਤੀ ਜਾਵੇ ਅਤੇ ਇਸ ਨੂੰ ਹਿੰਦੂ ਰਾਸ਼ਟਰ ਐਲਾਨਿਆ ਜਾਵੇ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*1 ਦਸੰਬਰ ਦਿਨ ਸ਼ੁੱਕਰਵਾਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਮੂਹ ਕਾਬਲ ਅਫਗਾਨਿਸਤਾਨ ਦੀਆਂ ਸੰਗਤਾਂ ਵੱਲੋਂ ਆਰੰਭ ਸ੍ਰੀ ਅਖੰਡਪਾਠ ਸਾਹਿਬ ਸ਼ਾਮ 5 ਵਜੇ
* ਦਸੰਬਰ ਦਿਨ ਸ਼ਨਿਚਰਵਾਰ ਗੁਰਿੰਦਰ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*3 ਦਸੰਬਰ ਦਿਨ ਐਤਵਾਰ ਕਾਬਲ ਦੀ ਸਮੂਹ ਸੰਗਤ ਵੱਲੋਂ ਸ਼ਾਮ 5 ਵਜੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਜਿਸ ਵਿਚ ਡਾ. ਕੁਲਦੀਪ ਸਿੰਘ ਰਸੀਲਾ ਤੇ ਭਾਈ ਗੁਰਬਿੰਦਰ ਸਿੰਘ ਗਾਲਬ ਕੀਰਤਨ ਕਰਨਗੇ।ਬਾਬਾ ਗਿ. ਜਗਜੀਤ ਸਿੰਘ ਖਾਰੇ ਵਾਲੇ ਕਥਾ ਕਰਨਗੇ।
ਨੋਟ:1 ਦਸੰਬਰ ਤੋਂ 27 ਦਸੰਬਰ ਤੱਕ ਸਾਹਿਬਜਾਦੇ ਅਤੇ ਮਾਤਾ ਗੁਜਰ ਕੌਰ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਰੋਜ ਸ਼ਾਮ 5.30 ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸੰਗਤੀ ਰੂਪ ਵਿਚ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਦਸੰਬਰ ਦਾ ਮਹੀਨਾ ਪੰਥ ਪ੍ਰਸਿੱਧ ਕਥਾਵਾਚਕ ਭਾਈ ਜਸਵੀਰ ਸਿੰਘ ਖੜਗ ਕਥਾ ਕਰਨਗੇ

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਭਾਈ ਗੁਰਬਿੰਦਰ ਸਿੰਘ ਗਾਲਿਬ ਲੁਧਿਆਣੇ ਵਾਲਿਆਂ ਦਾ ਜਥਾ | ਭਾਈ ਪ੍ਰਮਜੀਤ ਸਿੰਘ ਜੀ ਖਾਲਸਾ ਯੂਐਸਏ | 604-413-7171 |

ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ:ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਨਾਮਵਰ ਸਮਾਜ ਸੇਵੀ ਤੇ ਉੱਘੇ ਅਧਿਆਪਕ ਆਗੂ ਤੇ ਸੋਸ਼ਿਲਿਸਟ ਪਾਰਟੀ (ਇੰਡੀਆ) ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਪ੍ਰਧਾਨ ਇੰਜ. ਹਰਜਾਪ ਸਿੰਘ, ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਪਿ੍ਰੰਸੀਪਲ ਕੁਲਵੰਤ ਸਿੰਘ ਅਣਖੀ, ਮਨਮੋਹਨ ਸਿੰਘ ਬਰਾੜ, ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਬਿੱਟੂ ਤੇ ਸਮੂਹ ਮੈਂਬਰਾਨ ਨੇ ਕਿਹਾ ਕਿ ਖੇੜਾ ਸਾਹਿਬ ਦੀ ਸਾਰੀ ਜਿੰਦਗੀ ਸੰਘਰਸ਼ਮਈ ਰਹੀ ਹੈ।ਉਹ ਜਦ ਸਰਕਾਰੀ ਨੌਕਰੀ ਵਿੱਚ ਸਨ ਤਾਂ ਉਨ੍ਹਾਂ ਗੌਰਮਿੰਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਬਣਾਕੇ ਪ੍ਰਾਇਮਰੀ ਡਾਇਰੈਕਟੋਰੇਟ ਸਥਾਪਤ ਲਈ ਜਦੋ ਜਹਿਦ ਕੀਤੀ ਤੇ ਇਹ ਇੱਕ ਵੱਖਰਾ ਡਾਇਰੈਕਟੋਰੇਟ ਸਥਾਪਤ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ।ਇਸ ਤਰ੍ਹਾਂ ਪ੍ਰਾਇਮਰੀ ਅਧਿਆਪਕਾਂ ਲਈ ਬਤੌਰ ਹੈਡ ਟੀਚਰ, ਸੈਂਟਰ ਹੈਡ ਟੀਚਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੀਕ ਤਰੱਕੀ ਕਰਨ ਦਾ ਰਾਹ ਖੁੱਲ੍ਹਿਆ।ਸੇਵਾ ਮੁਕਤੀ ਪਿੱਛੋਂ ਉਹ ਸੋਸ਼ਿਲਿਸਟ ਪਾਰਟੀ (ਇੰਡੀਆ) ਵਿੱਚ ਸ਼ਾਮਲ ਹੋ ਗਏ ਤੇ ਇਸ ਸਮੇਂ ਉਹ ਕੌਮੀ ਮੀਤ ਪ੍ਰਧਾਨ ਸਨ।ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਦੋ ਸੰਵਿਧਾਨ ਰਖਣ ਵਿਰੁੱਧ ਲੰਮਾ ਸਮਾਂ ਸੰਘਰਸ਼ ਕੀਤਾ। ਉ੍ਨ੍ਹਾਂ ਵੱਲੋਂ 22 ਲੇਖਾਂ ਦਾ ਇੱਕ ਸੰਗ੍ਰਹਿ 'ਸਮਿਆਂ ਦੇ ਸਨਮੁੱਖ' 12 ਨਵੰਬਰ 2023 ਨੂੰ ਲੋਕ ਅਰਪਣ ਕੀਤਾ ਗਿਆ। ਉ੍ਨ੍ਹਾਂ ਨੇ 24-25 ਦਸੰਬਰ 1996 ਦੀ ਦਰਮਿਆਨ ਰਾਤ ਨੂੰ ਵਾਪਰੇ ਮਾਲਟਾ ਕਿਸ਼ਤੀ ਕਾਂਡ ਜਿਸ ਵਿੱਚ ਇੱਕ ਕਿਸ਼ਤੀ ਵਿੱਚ 565 ਲੋਕ ਸਵਾਰ ਸਨ ਜਿਨ੍ਹਾਂ ਦਾ ਸਬੰਧ ਭਾਰਤ, ਪਾਕਿਸਤਾਨ, ਸ੍ਰੀ ਲੰਕਾ ਅਤੇ ਬੰਗਲਾਦੇਸ਼ ਨਾਲ ਸੀ ਜੋ ਗੈਰ ਕਾਨੂੰਨੀ ਢੰਗ ਨਾਲ ਇਟਲੀ ਵਿੱਚ ਦਾਖਲ ਹੋ ਰਹੇ ਸਨ ਦੇ ਡੁੱਬ ਜਾਣ ਸੈਂਕੜੇ ਮੁਸਾਫ਼ਿਰ ਮਾਰੇ ਗਏ।ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਸੀ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਮਾਲਟਾ ਜਾਂਚ ਕਮੇਟੀ ਬਣਾ ਕੇ ਲੜਾਈ ਲੜੀ।ਉਸ ਸਮੇਂ ਸ੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਸਨ ਤਾਂ ਉ੍ਨ੍ਹਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ।ਨਤੀਜੇ ਵੱਜੋਂ ਜਿਨ੍ਹਾਂ ਏਜੰਟਾਂ ਨੇ ਇਨ੍ਹਾਂ ਨੂੰ ਗੈਰ-ਕਾਨੂੰਨੀ ਭੇਜਿਆ ਸੀ ਉਨ੍ਹਾਂ ਵਿਰੁੱਧ ਸੀ ਬੀ ਆਈ ਵਲੋਂ ਕੇਸ ਚਲਾਉਣ ਦਾ ਆਦੇਸ਼ ਕਰਵਾਇਆ।ਜਿਸ ਦੇ ਸਿੱਟੇ ਵੱਜੋਂ ਏਜੰਟਾਂ 'ਤੇ ਕੇਸ ਦਰਜ ਹੋਏ ਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਮਿਲਿਆ।ਇਸ ਕੇਸ ਦੀ ਪੈਰਵੀ ਦੌਰਾਨ ਉਨ੍ਹਾਂ ਨੂੰ ਇਟਲੀ, ਯੂਨਾਨ ਤੇ ਹੋਰਨਾਂ ਮੁਲਕਾਂ ਦਾ ਦੌਰਾ ਵੀ ਕੀਤਾ। ਏਨੇ ਵਰ੍ਹੇ ਬੀਤ ਜਾਣ ਦੇ ਬਾਵਜੂਦ ਵੀ ਭਾਵੇਂ ਅਜੇ ਤੀਕ ਦੋਸ਼ੀਆਂ ਨੂੰ ਭਾਵੇਂ ਸਜਾਵਾਂ ਨਹੀਂ ਮਿਲੀਆਂ ਪਰ ਬਲਵੰਤ ਸਿੰਘ ਖੇੜੇ ਨੇ ਪ੍ਰਭਾਵਿਤ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਉਨ੍ਹਾਂ ਦਾ ਕੇਸ ਜ਼ਰੂਰ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ।ਖੇੜਾ ਜੀ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਹਵਾ ਪ੍ਰਦੂਸ਼ਣ ਕਾਰਨ ਦਿੱਲੀ ਤੇ ਮੁੰਬਈ ਦੇ 10 'ਚੋਂ 6 ਜਣੇ ਕਿਤੇ ਹੋਰ ਵਸਣ ਦੇ ਇਛੁੱਕ

ਨਵੀਂ ਦਿੱਲੀ-ਦਿੱਲੀ ਅਤੇ ਮੁੰਬਈ ਵਿਚ ਰਹਿਣ ਵਾਲੇ 60 ਫੀਸਦੀ ਲੋਕ ਦੋਵਾਂ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਦੀ ਵਿਗੜਦੀ ਸਥਿਤੀ ਨੂੰ ਦੇਖਦੇ ਹੋਏ ਕਿਤੇ ਹੋਰ ਵਸਣ ਬਾਰੇ ਵਿਚਾਰ ਕਰ ਰਹੇ ਹਨ। ਤਾਜ਼ਾ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਹੈਲਥ ਸਰਵਿਸ ਪ੍ਰੋਵਾਈਡਰ ਪ੍ਰਿਸਟੀਨ ਕੇਅਰ ਨੇ ਇਹ ਨਤੀਜੇ ਦਿੱਲੀ, ਮੁੰਬਈ ਅਤੇ ਆਸਪਾਸ ਦੇ ਚਾਰ ਹਜ਼ਾਰ ਲੋਕਾਂ 'ਤੇ ਕੀਤੇ ਗਏ ਸਰਵੇਖਣ ਦੇ ਆਧਾਰ 'ਤੇ ਪੇਸ਼ ਕੀਤੇ ਹਨ। ਅਧਿਐਨ ਵਿੱਚ 10 ਵਿੱਚੋਂ 6 ਨੇ ਹਵਾ ਪ੍ਰਦੂਸ਼ਣ ਕਾਰਨ ਲਗਾਤਾਰ ਖੰਘ, ਸਾਹ ਚੜ੍ਹਨਾ, ਗਲੇ ਵਿੱਚ ਖਰਾਸ਼ ਅਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਦੱਸਿਆ।













# ਇਤਿਹਾਸ ਅਤੇ ਲੋਕ ਤੈਅ ਕਰਨਗੇ ਕਿ ਕੌਣ ‘ਮਹਾਪੁਰਸ਼’ ਹੈ ਤੇ ਕੌਣ ‘ਯੁੱਗਪੁਰਸ਼’:ਰਾਊਤ

ਮੁੰਬਈ:-ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਮਹਾਤਮਾ ਗਾਂਧੀ ਨੂੰ ‘ਮਹਾਪੁਰਸ਼’ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ‘ਯੁੱਗਪੁਰਸ਼’ ਕਰਾਰ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਸ਼ਿਵ ਸੈਨਾ (ਯੂਬੀਟੀ) ਦੇ ਆਗੂ ਸੰਜੇ ਰਾਊਤ ਨੇ ਕਿਹਾ ਕਿ ਇਤਿਹਾਸ ਅਤੇ ਲੋਕ ਫੈਸਲਾ ਕਰਨਗੇ ਕਿ ਕੌਣ ‘ਮਹਾਪੁਰਸ਼’ ਹੈ ਅਤੇ ਕੌਣ ‘ਯੁੱਗਪੁਰਸ਼’। ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਊਤ ਨੇ ਕਿਹਾ ਕਿ ਮਹਾਤਮਾ ਗਾਂਧੀ ਦਾ ਵਿਸ਼ਵ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਅਤੇ ਲੋਕ ਤੈਅ ਕਰਨਗੇ ਕਿ ਕੌਣ ਪੁਰਸ਼, ਮਹਾਪੁਰਸ਼ ਅਤੇ ਯੁੱਗਪੁਰਸ਼ ਹੈ।ਧਨਖੜ ਨੇ ਸੋਮਵਾਰ ਨੂੰ ਕਿਹਾ ਸੀ, ‘‘ਮਹਾਤਮਾ ਗਾਂਧੀ ਨੇ ਸੱਤਿਆਗ੍ਰਹਿ ਅਤੇ ਅਹਿੰਸਾ ਰਾਹੀਂ ਸਾਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ। ਭਾਰਤ ਦੇ ਸਫਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਨੂੰ ਉਸ ਰਾਹ ’ਤੇ ਲਿਆ ਦਿੱਤਾ ਹੈ ਜਿੱਥੇ ਅਸੀਂ ਹਮੇਸ਼ਾ ਬਣਨਾ ਚਾਹੁੰਦੇ ਸੀ।’’ ਇਹ ਸ਼ਬਦ ਉਨ੍ਹਾਂ ਜੈਨ ਰਹੱਸਵਾਦੀ ਅਤੇ ਦਾਰਸ਼ਨਿਕ ਸ਼੍ਰੀਮਦ ਰਾਜਚੰਦਰਜੀ ਦੇ ਜਨਮ ਦਿਵਸ ਸਮਾਰੋਹ ‘ਚ ਬੋਲਦਿਆਂ ਕਹੇ ਸਨ।

# ਬਜ਼ੁਰਗ ਸਿੱਖ ਔਰਤ ਨੂੰ ਬ੍ਰਿਟੇਨ ‘ਚ ਰਹਿਣ ਦੀ ਇਜਾਜ਼ਤ ਦੇਣ ਦੇ ਸਮਰਥਨ ‘ਚ ਆਇਆ ਪੂਰਾ ਸਿੱਖ ਭਾਈਚਾਰਾ






ਲੰਡਨ:-ਬ੍ਰਿਟੇਨ ‘ਚ 14 ਸਾਲਾਂ ਤੋਂ ਰਹਿ ਰਹੀ ਇਕ ਬਜ਼ੁਰਗ ਸਿੱਖ ਔਰਤ ਨੂੰ ਜ਼ਬਰਦਸਤੀ ਦੇਸ਼ ਨਿਕਾਲੇ ਦੇ ਵਿਰੋਧ ‘ਚ ਬ੍ਰਿਟੇਨ ਦਾ ਸਮੁੱਚਾ ਸਿੱਖ ਭਾਈਚਾਰਾ ਇਕਜੁੱਟ ਹੋ ਗਿਆ ਹੈ।ਬੀਬੀਸੀ ਦੀ ਰੀਪੋਰਟ ਮੁਤਾਬਕ 78 ਸਾਲਾ ਗੁਰਮੀਤ ਕੌਰ 2009 ‘ਚ ਇਕ ਵਿਆਹ ‘ਚ ਸ਼ਾਮਲ ਹੋਣ ਲਈ ਪੰਜਾਬ ਤੋਂ ਇੱਥੇ ਆਈ ਸੀ ਅਤੇ ਉਦੋਂ ਤੋਂ ਸਮੈਥਵਿਕ ਸ਼ਹਿਰ ‘ਚ ਰਹਿ ਰਹੀ ਹੈ। ਪੰਜਾਬ ਵਿਚ ਉਸ ਦਾ ਕੋਈ ਪਰਿਵਾਰ ਨਹੀਂ ਹੈ।ਇਲਾਕੇ ਦੀ ਪ੍ਰਸਿੱਧ ਵਲੰਟੀਅਰ ਗੁਰਮੀਤ ਕੌਰ ਨੂੰ ਸਥਾਨਕ ਤੌਰ ‘ਤੇ ਦਿਆਲੂ ਆਂਟੀ ਵਜੋਂ ਜਾਣਿਆ ਜਾਂਦਾ ਹੈ।ਦੇਸ਼ ‘ਚ ਰਹਿਣ ਲਈ ਉਨ੍ਹਾਂ ਦੀ ਆਨਲਾਈਨ ਪਟੀਸ਼ਨ ‘ਤੇ 65,000 ਤੋਂ ਜ਼ਿਆਦਾ ਲੋਕਾਂ ਨੇ ਦਸਤਖਤ ਕੀਤੇ ਸਨ, ਜਿਸ ਦੇ ਬਾਵਜੂਦ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ। ਸਾਲ 2020 ‘ਚ ਸ਼ੁਰੂ ਕੀਤੀ ਗਈ ਪਟੀਸ਼ਨ ਵੀ ਆਲ ਆਰ ਗੁਰਮੀਤ ਕੌਰ ‘ਚ ਕਿਹਾ ਗਿਆ ਹੈ ਕਿ ਕੌਰ ਸਮੇਥਵਿਕ ਲਈ ਇਕ ਸੰਪਤੀ ਅਤੇ ਦਿਆਲੂ ਆਂਟੀ ਹੈ। ਅਸੀਂ ਚਾਹੁੰਦੇ ਹਾਂ ਕਿ ਉਹ ਇੱਥੇ ਰਹੇ। ਸਮੇਥਵਿਕ ਉਨ੍ਹਾਂ ਦਾ ਘਰ ਹੈ! “ਗੁਰਮੀਤ ਬਹੁਤ ਦਿਆਲੂ ਔਰਤ ਹੈ, ਭਾਵੇਂ ਉਸ ਕੋਲ ਕੁਝ ਵੀ ਨਹੀਂ ਹੈ, ਉਹ ਉਦਾਰ ਹੈ। ਉਸ ਦਾ ਜ਼ਿਆਦਾਤਰ ਸਮਾਂ ਸਥਾਨਕ ਗੁਰਦੁਆਰੇ ਵਿੱਚ ਸੇਵਾ ਕਰਨ ਵਿੱਚ ਬੀਤਦਾ ਹੈ।ਪ੍ਰਚਾਰਕਾਂ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਉਸ ਨੂੰ ਯੂ.ਕੇ. ਵਿੱਚ ਰੱਖਣ ਲਈ ਇਸ ਆਧਾਰ ‘ਤੇ ਲੜ ਰਹੇ ਹਨ ਕਿ ਪੰਜਾਬ ਵਿੱਚ ਉਸ ਦੀ ਦੇਖਭਾਲ ਕਰਨ ਲਈ ਉਸਦਾ ਕੋਈ ਦੋਸਤ ਜਾਂ ਪਰਿਵਾਰ ਨਹੀਂ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਇਸ ਦਲੀਲ ਦਾ ਖੰਡਨ ਕਰਦੇ ਹੋਏ ਕਿਹਾ ਹੈ ਕਿ ਕੌਰ ਅਜੇ ਵੀ ਆਪਣੇ ਜੱਦੀ ਪਿੰਡ ਦੇ ਲੋਕਾਂ ਦੇ ਸੰਪਰਕ ਵਿਚ ਹੈ, ਜਿਸ ਨਾਲ ਉਹ ਭਾਰਤ ਵਿਚ ਮੁੜ ਜੁੜ ਸਕੇਗੀ। ਕੌਰ ਨੇ ਪਿਛਲੇ ਮਹੀਨੇ ਗ੍ਰਹਿ ਮੰਤਰਾਲੇ ਦੇ ਫੈਸਲੇ ਵਿਰੁੱਧ ਅਪੀਲ ਕੀਤੀ ਸੀ ਪਰ ਅਦਾਲਤ ਨੇ ਇਸ ਨੂੰ ਖਾਰਜ ਕਰ ਦਿੱਤਾ ਸੀ।

# ਮਨੀਪੁਰ ਦੇ ਅੱਤਵਾਦੀ ਸੰਗਠਨ ਯੂਐੱਨਐੱਲਐੱਫ ਨੇ ਕੇਂਦਰ ਨਾਲ ਸ਼ਾਂਤੀ ਸਮਝੌਤੇ ’ਤੇ ਦਸਤਖ਼ਤ ਕੀਤੇ

ਨਵੀਂ ਦਿੱਲੀ-ਮਨੀਪੁਰ ਵਿੱਚ ਸਰਗਰਮ ਕੱਟੜਪੰਥੀ ਜਥੇਬੰਦੀ ਯੂਨਾਈਟਿਡ ਨੈਸ਼ਨਲ ਲਿਬਰੇਸ਼ਨ ਫਰੰਟ (ਯੂਐੱਨਐੱਲਐੱਫ) ਨੇ ਹਿੰਸਾ ਦਾ ਰਾਹ ਛੱਡ ਕੇ ਮੁੱਖ ਧਾਰਾ ’ਚ ਸ਼ਾਮਲ ਹੋਣ ਲਈ ਬੁੱਧਵਾਰ ਨੂੰ ਕੇਂਦਰ ਅਤੇ ਸੂਬਾ ਸਰਕਾਰ ਨਾਲ ਸ਼ਾਂਤੀ ਸਮਝੌਤੇ ’ਤੇ ਦਸਤਖ਼ਤ ਕੀਤੇ ਹਨ। ਮੈਤੇਈ ਭਾਈਚਾਰੇ ਦੀ ਬਹੁਗਿਣਤੀ ਵਾਲੀ ਇਸ ਅਤਿਵਾਦੀ ਜਥੇਬੰਦੀ ਨੇ ਉਸ ਸਮੇਂ ਸਮਝੌਤਾ ਕੀਤਾ ਹੈ ਜਦੋਂ ਉਸ ਖ਼ਿਲਾਫ਼ ਇਸ ਮਹੀਨੇ ਦੇ ਸ਼ੁਰੂ ’ਚ ਯੂਏਪੀਏ ਤਹਿਤ ਪੰਜ ਹੋਰ ਸਾਲਾਂ ਲਈ ਪਾਬੰਦੀ ਲਗਾ ਦਿੱਤੀ ਗਈ ਸੀ। ਸਮਝੌਤਾ ਲਾਗੂ ਕਰਨ ਲਈ ਸ਼ਾਂਤੀ ਨਿਗਰਾਨ ਕਮੇਟੀ ਬਣਾਈ ਜਾਵੇਗੀ ਜਿਸ ਨਾਲ ਮਨੀਪੁਰ ’ਚ ਸ਼ਾਂਤੀ ਬਹਾਲੀ ਦਾ ਰਾਹ ਪੱਧਰਾ ਹੋ ਸਕਦਾ ਹੈ।

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਰਾਜਪਾਲ ਨਾਲ ਮੀਟਿੰਗ ਮਗਰੋਂ ਕਿਸਾਨਾਂ ਨੇ ਧਰਨਾ ਖ਼ਤਮ ਕੀਤਾ



ਚੰਡੀਗੜ੍ਹ: 26 ਨਵੰਬਰ ਤੋਂ ਚੰਡੀਗੜ੍ਹ ਦੀਆਂ ਬਰੂਹਾਂ ਉੱਤੇ ਧਰਨਾ ਦੇ ਰਹੇ ਕਿਸਾਨਾਂ ਦੀ ਰਾਜਪਾਲ ਨਾਲ ਮੀਟਿੰਗ ਹੋਈ ਤੇ ਉਨ੍ਹਾਂ ਨੇ ਰਾਜਪਾਲ ਨੂੰ ਮੰਗ ਪੱਤਰ ਦਿੱਤਾ ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਕਿਸਾਨਾਂ ਦੀ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪੰਜਾਬ ਭਵਨ ਵਿੱਚ ਕਿਸਾਨਾਂ ਨਾਲ ਮੀਟਿੰਗ ਕੀਤੀ। ਮੀਟਿੰਗ ਮਗਰੋਂ ਕਿਸਾਨ ਆਗੂਆਂ ਨੇ ਕਿਹਾ ਕਿ ਹਾਲੇ ਕੁਝ ਵੀ ਤੈਅ ਨਹੀਂ ਹੋਇਆ। ਹੁਣ 19 ਦਸੰਬਰ ਨੂੰ ਸੀਐਮ ਭਗਵੰਤ ਮਾਨ ਨਾਲ ਮੀਟਿੰਗ ਹੋਵੇਗੀ। ਇਸ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਬੁਲਾਇਆ ਜਾਵੇਗਾ। ਇਸ ਤੋਂ ਬਾਅਦ ਕਿਸੇ ਤਰ੍ਹਾਂ ਦਾ ਐਲਾਨ ਕੀਤਾ ਜਾ ਸਕਦਾ ਹੈ।ਕੇਂਦਰ ਸਰਕਾਰ ਤੋਂ ਕੀ ਹਨ ਕਿਸਾਨਾਂ ਦੀਆਂ ਮੰਗਾਂ ਹਨ,ਸਾਰੀਆਂ ਫਸਲਾਂ 'ਤੇ ਐਮਐਸਪੀ ਦਿਓ,ਫਸਲ ਖਰੀਦ ਗਾਰੰਟੀ ਕਾਨੂੰਨ, ਕਿਸਾਨਾਂ ਸਿਰ ਚੜ੍ਹਿਆ ਸਾਰਾ ਕਰਜ਼ਾ ਮੁਆਫ਼ ਕਰੋ,ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਉ,ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਅਹੁਦੇ ਤੋਂ ਬਰਖਾਸਤ ਤੇ ਸਜ਼ਾ ਦਿਓ,ਦਿੱਲੀ ਅੰਦੋਲਨ ਦੌਰਾਨ ਕਿਸਾਨਾਂ 'ਤੇ ਦਰਜ ਕੇਸ ਰੱਦ ਕਰੋ,ਬਿਜਲੀ ਸੋਧ ਬਿਲ ਨੂੰ ਚੋਰ ਮੋਰੀਆਂ ਰਾਹੀਂ ਲਾਗੂ ਕਰਨਾ ਬੰਦ ਕਰੋ,60 ਸਾਲ ਤੋਂ ਵੱਧ ਉਮਰ ਦੇ ਸਾਰੇ ਕਿਸਾਨਾਂ ਨੂੰ 10 ਹਜਾਰ ਰੁਪਏ ਮਹੀਨਾ ਪੈਨਸ਼ਨ ਦਿਉ,ਨਿਊਜ਼ਕਲਿੱਕ ਖਿਲਾਫ ਦਰਜ ਕੀਤੀ ਐਫ ਆਈ ਆਰ ਰੱਦ ਕਰੋ,ਕਿਸਾਨ ਘੋਲ ਨੂੰ ਦੇਸ਼ ਵਿਰੋਧੀ ਕਹਿਣਾ ਬੰਦ ਕਰੋ,ਖੇਤੀ ਨੂੰ ਕਾਰਪੋਰੇਟਾਂ ਨੂੰ ਫਸਲ ਵੇਚਣ ਦੀਆਂ ਸਾਰੀਆਂ ਨੀਤੀਆਂ ਰੱਦ ਕਰੋ,ਪਬਲਿਕ ਸੈਕਟਰ ਬਹਾਲ ਕਰੋ ਤੇ ਨਿੱਜੀਕਰਨ ਦੀਆਂ ਨੀਤੀਆਂ ਬੰਦ ਕਰੋ,ਪੰਜਾਬ ਸਰਕਾਰ ਤੋਂ ਕੀ ਹਨ ਕਿਸਾਨਾਂ ਦੀਆਂ ਮੰਗਾਂ,ਹੜ੍ਹਾਂ ਤੇ ਗੜੇਮਾਰੀ ਨਾਲ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦਿੱਤੇ ਜਾਵੇ,ਝੋਨੇ ਦਾ ਬਦਲ ਦੇਵੇ ਸਰਕਾਰ,ਸਬਜ਼ੀਆਂ, ਮੱਕੀ, ਮੂੰਗੀ, ਗੰਨਾ ਅਤੇ ਹੋਰ ਫਸਲਾਂ ਦੀ ਐਮਐਸਪੀ ਤੇ ਖਰੀਦ ਦੀ ਗਾਰੰਟੀ ਦਿਓ,ਕਿਸਾਨਾਂ ਦਾ ਸਾਰਾ ਕਰਜ਼ਾ ਰੱਦ ਕੀਤਾ ਜਾਵੇ,ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ,ਗੰਨਾ ਕਿਸਾਨਾਂ ਦਾ ਰਹਿੰਦਾ ਬਕਾਇਆ ਜਾਰੀ ਕੀਤਾ ਜਾਵੇ ,ਆਬਾਦਕਾਰ ਕਿਸਾਨਾਂ ਤੋਂ ਜ਼ਮੀਨਾਂ ਖੋਹਣੀਆਂ ਬੰਦ ਕਰੋ ਤੇ ਮਾਲਕੀ ਹੱਕ ਦਿਓ,ਚਿਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ,ਪਰਾਲੀ ਸਾੜਨ ਕਰਕੇ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ ਰੱਦ ਹੋਣ,ਜ਼ਮੀਨਾਂ 'ਤੇ ਕੀਤੀਆਂ ਰੈਡ ਐਂਟਰੀਆਂ ਰੱਦ ਕੀਤੀਆਂ ਜਾਣ,ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਦਿੱਤੀਆਂ ਜਾਣ।

# ਭਾਰਤ ਲਈ ਹਨ੍ਹੇਰਾ ਸਮਾਂ

ਪੰਜਾਬ ਵਿੱਚ ਸਭ ਤੋਂ ਵੱਧ ਪਲਟੀਆਂ ਮਾਰਨ ਦਾ ਰਿਕਾਰਡ ਸ਼ਾਇਦ ਮਨਪ੍ਰੀਤ ਸਿੰਘ ਬਾਦਲ ਦਾ ਹੈ। ਉਹ ਜਵਾਨੀ ਵੇਲੇ ਕਾਮਰੇਡਾਂ ਦਾ ਸਾਥੀ ਹੁੰਦਾ ਸੀ, ਬਦਲ ਗਏ ਹਾਲਾਤ ਵਿੱਚ ਤਾਏ ਦੇ ਕਹਿਣ ਉੱਤੇ ਅਕਾਲੀ ਦਲ ਵੱਲੋਂ ਚੋਣ ਲੜ ਕੇ ਜਿੱਤੀ ਅਤੇ ਫਿਰ ਉਸ ਪਾਸੇ ਤੋਂ ਰਾਜ ਦਾ ਖਜ਼ਾਨਾ ਮੰਤਰੀ ਰਿਹਾ ਸੀ। ਤਾਏ ਦੇ ਪੁੱਤ ਨਾਲ ਸੁਭਾਅ ਨਾ ਮਿਲ ਸਕਣ ਕਾਰਨ ਉਸ ਨੇ ਅਕਾਲੀ ਦਲ ਛੱਡ ਕੇ ਪੀਪਲਜ਼ ਪਾਰਟੀ ਆਫ ਪੰਜਾਬ ਬਣਾਈ ਤੇ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਸੁਣਿਆ ਗਿਆ ਸੀ। ਜਦੋਂ ਅੰਗੂਰ ਖੱਟੇ ਨਿਕਲੇ ਤਾਂ ਕਾਂਗਰਸ ਵਿੱਚ ਸ਼ਾਮਲ ਹੋ ਕੇ ਓਧਰੋਂ ਖਜ਼ਾਨਾ ਮੰਤਰੀ ਬਣ ਗਿਆ, ਪਰ ਜਦੋਂ ਪਿਛਲੇ ਸਾਲ ਕਾਂਗਰਸ ਪਾਰਟੀ ਹਾਰ ਗਈ ਤਾਂ ਪੰਜਵੀਂ ਥਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅੱਗੋਂ ਉਹ ਕਿਸ ਪਾਸੇ ਵੱਲ ਜਾਵੇਗਾ, ਪਤਾ ਨਹੀਂ, ਪਰ ਆਗੂ ਹੋਣ ਕਰ ਕੇ ਗਾਰੰਟੀ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਭਾਜਪਾ ਵੱਲ ਗਏ ਕਈ ਹੋਰ ਆਗੂ ਅੱਜਕੱਲ੍ਹ ਏਦਾਂ ਕਹਿੰਦੇ ਹਨ ਕਿ 'ਆਉਣ ਦਾ ਖਾਸ ਫਾਇਦਾ ਨਹੀਂ ਹੋਇਆ', ਬ'ਜਿੱਥੇ ਵੇਖੋ ਤਵਾ-ਪਰਾਤ, ਓਥੇ ਗੁਜ਼ਾਰ ਦਿਉ ਸਾਰੀ ਰਾਤ' ਵਾਲੀ ਰਾਜਨੀਤੀ ਉੱਤੇ ਚੱਲ ਸਕਦੇ ਹਨ।

ਉਂਜ ਪੰਜਾਬ ਦੀ ਰਾਜਨੀਤੀ ਵਿੱਚ ਇਸ ਰੁਝਾਨ ਦੇ ਮੁੱਢ ਦਾ ਸਭ ਤੋਂ ਵੱਡਾ ਪ੍ਰਤੀਕ ਪ੍ਰਤਾਪ ਸਿੰਘ ਕੈਰੋਂ ਕਿਹਾ ਜਾ ਸਕਦਾ ਹੈ। ਉਸ ਨੇ ਰਾਜਨੀਤੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਸੀ, ਬਾਅਦ ਵਿੱਚ ਕਾਂਗਰਸ ਵੱਲੋਂ ਪੰਜਾਬ ਦਾ ਮੰਤਰੀ ਵੀ ਬਣਿਆ ਅਤੇ ਮੁੱਖ ਮੰਤਰੀ ਵੀ ਤੇ ਉਸ ਦੌਰ ਵਿੱਚ ਉਹ ਅਕਾਲੀਆਂ ਦਾ ਸਭ ਤੋਂ ਵੱਡਾ ਵਿਰੋਧੀ ਗਿਣਿਆ ਜਾਂਦਾ ਸੀ। ਜਦੋਂ ਉਸ ਦਾ ਦੇਹਾਂਤ ਹੋ ਗਿਆ, ਉਸ ਦਾ ਪੁੱਤਰ ਸੁਰਿੰਦਰ ਸਿੰਘ ਕੈਰੋਂ ਪਹਿਲੀ ਚੋਣ ਵੇਲੇ ਅਕਾਲੀ ਉਮੀਦਵਾਰ ਬਣਿਆ ਅਤੇ ਜਿੱਤਿਆ, ਪਰ ਦੂਜੀ ਚੋਣ ਤੱਕ ਕਾਂਗਰਸ ਵੱਲ ਨੂੰ ਮੁੜ ਪਿਆ ਸੀ। ਪ੍ਰਕਾਸ਼ ਸਿੰਘ ਬਾਦਲ ਦੇ ਤੀਸਰੀ ਵਾਰ ਮੁੱਖ ਮੰਤਰੀ ਬਣਨ ਵੇਲੇ ਉਹੋ ਸੁਰਿੰਦਰ ਸਿੰਘ ਕੈਰੋਂ ਕੁੜਮਾਚਾਰੀ ਦੇ ਦਬਾਅ ਸਦਕਾ ਆਪਣੇ ਪੁੱਤਰ ਆਦੇਸ਼ ਪ੍ਰਤਾਪ ਸਿੰਘ ਨੂੰ ਟਿਕਟ ਦਿਵਾ ਕੇ ਅਕਾਲੀ ਦਲ ਦਾ ਵਿਧਾਇਕ ਤੇ ਮੰਤਰੀ ਬਣਾਉਣ ਵਿੱਚ ਸਫਲ ਹੋ ਗਿਆ ਅਤੇ ਪੁੱਤਰ ਨਾਲ ਉਹ ਅਕਾਲੀ ਦਲ ਵਿੱਚ ਚਲਾ ਗਿਆ ਸੀ। ਬੀਰ ਦਵਿੰਦਰ ਸਿੰਘ ਤੇ ਜਗਮੀਤ ਸਿੰਘ ਬਰਾੜ ਦੇ ਕੇਸ ਵੀ ਸਾਡੇ ਸਾਹਮਣੇ ਹਨ। ਅਕਾਲੀ ਦਲ ਤੋਂ ਤੁਰੇ ਇਹ ਦੋਵੇਂ ਜਣੇ ਉਸ ਪਾਰਟੀ ਨੂੰ ਛੱਡਣ ਅਤੇ ਕਾਂਗਰਸ ਵਿੱਚ ਜਾਣ ਨੂੰ ਮਜਬੂਰ ਕਰ ਦਿੱਤੇ ਗਏ ਸਨ, ਪਰ ਲੰਮਾ ਮੋੜਾ ਕੱਟਣ ਪਿੱਛੋਂ ਫਿਰ ਅਕਾਲੀ ਦਲ ਵੱਲ ਮੁੜਦੇ ਵੇਖੇ ਗਏ, ਵੱਖਰੀ ਗੱਲ ਹੈ ਕਿ ਅਕਾਲੀ ਦਲ ਵਿੱਚ ਪੈਰ ਨਹੀਂ ਸਨ ਲੱਗ ਸਕੇ ਤੇ ਫਿਰ ਉਸ ਪਾਰਟੀ ਤੋਂ ਨਿਕਲਣ ਲਈ ਮਜਬੂਰ ਕਰ ਦਿੱਤੇ ਗਏ ਸਨ। ਏਦਾਂ ਦੇ ਹੋਰ ਬਹੁਤ ਸਾਰੇ ਆਗੂ ਵੀ ਸਾਡੇ ਪੰਜਾਬ ਵਿੱਚ ਆਰਾਮ ਨਾਲ ਮਿਲ ਜਾਣਗੇ, ਜਿਨ੍ਹਾਂ ਦੀ ਲੰਮੀ ਸੂਚੀ ਪੜ੍ਹਨ ਦਾ ਕੋਈ ਫਾਇਦਾ ਨਹੀਂ।

ਉੱਘੜਵੀਂ ਮਿਸਾਲ ਕੈਪਟਨ ਅਮਰਿੰਦਰ ਸਿੰਘ ਦੀ ਹੈ। ਇੰਦਰਾਂ ਦੀ ਚੜ੍ਹਤ ਸਮੇਂ ਅਮਰਿੰਦਰ ਸਿੰਘ ਕਾਂਗਰਸ ਵੱਲੋਂ ਲੋਕ ਸਭਾ ਚੋਣ ਜਿੱਤਿਆ ਸੀ, ਪਰ ਚਾਰ ਸਾਲ ਪਿੱਛੋਂ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਚਲਾ ਗਿਆ ਸੀ। ਬੇਅੰਤ ਸਿੰਘ ਦੀ ਸਰਕਾਰ ਵੇਲੇ ਉਹ ਅਕਾਲੀ ਵਿਧਾਇਕ ਹੁੰਦਾ ਸੀ, ਅਗਲੀ ਵਾਰੀ ਜਦੋਂ ਅਕਾਲੀ ਦਲ ਦੀ ਕਮਾਂਡ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਗਈ ਅਤੇ ਉਸ ਨੇ ਵਿਧਾਨ ਸਭਾ ਚੋਣਾਂ ਦੀ ਟਿਕਟ ਵੀ ਨਾ ਦਿੱਤੀ ਤਾਂ ਕਾਂਗਰਸ ਵੱਲ ਪਰਤ ਗਿਆ। ਇਸ ਦੇ ਬਾਅਦ ਉਸ ਨੇ ਕਾਂਗਰਸ ਦੀ ਅਗਵਾਈ ਕੀਤੀ ਤੇ ਦੋ ਵਾਰੀ ਓਸੇ ਪ੍ਰਕਾਸ਼ ਸਿੰਘ ਬਾਦਲ ਤੋਂ ਰਾਜ ਖੋਹਿਆ, ਪਰ ਜਦੋਂ ਕਾਂਗਰਸੀ ਰਾਜ ਦੇ ਨਜ਼ਾਰੇ ਖਤਮ ਹੋਏ ਤਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅੱਜਕੱਲ੍ਹ ਉਹ ਭਾਜਪਾ ਦੀ ਕੇਂਦਰੀ ਟੀਮ ਦਾ ਮੈਂਬਰ ਹੈ ਤੇ ਉਸ ਦੀ ਵਫਾਦਾਰੀ ਵਾਲੇ ਜਿਹੜੇ ਪੁਰਾਣੇ ਕਾਂਗਰਸੀ ਆਗੂ ਭਾਜਪਾ ਵੱਲ ਦੌੜਦੇ ਦਿੱਸਦੇ ਸਨ, ਉਹ ਕੈਪਟਨ ਦੀ ਛਤਰਛਾਇਆ ਦੀ ਝਾਕ ਵਿੱਚ ਗਏ ਸਨ। ਓਥੇ ਜਾ ਕੇ ਪਤਾ ਲੱਗਾ ਕਿ ਹਾਲਾਤ ਭਾਜਪਾ ਵਿੱਚ ਵੀ ਉਨ੍ਹਾਂ ਵਾਸਤੇ ਸੁਖਾਵੇਂ ਨਹੀਂ, ਹਰ ਕੋਈ ਇਹੋ ਗੱਲਾਂ ਕਰਦਾ ਸੀ ਕਿ ਪੰਜਾਬ ਦਾ ਖਜ਼ਾਨਾ ਚੱਬਣ ਵਾਲੀ ਇਹ ਸਾਰੀ ਢਾਣੀ ਏਥੇ ਆ ਗਈ ਹੈ, ਇਨ੍ਹਾਂ ਨੂੰ ਲੈ ਕੇ ਅਸੀਂ ਤੁਰੇ ਤਾਂ ਪੰਜਾਬ ਦੇ ਲੋਕਾਂ ਨੂੰ ਮੂੰਹ ਨਹੀਂ ਵਿਖਾਇਆ ਜਾਣਾ। ਇਸ ਕਰ ਕੇ ਭਾਜਪਾ ਵਿੱਚ ਘੁਟਨ ਮਹਿਸੂਸ ਕਰ ਕੇ ਕੈਪਟਨ ਦੇ ਕਈ ਚੇਲੇ ਪਿੱਛੇ ਮੁੜ ਆਏ ਹਨ। ਕਾਂਗਰਸ ਹਾਈ ਕਮਾਨ ਜ਼ਰਾ ਕੁ ਹਾਮੀ ਭਰੇ ਤਾਂ ਕੈਪਟਨ ਅਮਰਿੰਦਰ ਸਿੰਘ ਵੀ ਆਉਣ ਨੂੰ ਝੱਟ ਤਿਆਰ ਹੋ ਸਕਦਾ ਹੈ। ਉਸ ਨੂੰ ਭਾਜਪਾ ਜਾਂ ਕਾਂਗਰਸ, ਅਕਾਲੀ ਜਾਂ ਕੋਈ ਵੀ ਧਿਰ ਆਪਣੀ ਨਹੀਂ ਲੱਗਦੀ, ਦੁਆਨੀ ਦੇ ਲਾਭਹੋਣ ਦੀ ਆਸ ਹੋਵੇ ਤਾਂ ਉਹ ਅਕਾਲੀ ਪਾਰਟੀ ਵਿੱਚ ਜਾ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵੀ ਮੰਨ ਸਕਦਾ ਹੈ, ਜਿਸ ਨੂੰ ਆਪਣੇ ਪਹਿਲੇ ਰਾਜ ਵੇਲੇ ਖੁਦ ਜੇਲ੍ਹ ਭੇਜਣ ਵਾਸਤੇ ਤਾਣ ਲਾ ਦਿੱਤਾ ਸੀ। ਭਾਵ ਇਹ ਕਿ ਲਗਭਗ ਸਾਰੇ ਏਹੋ ਜਿਹੇ ਹਨ।ਜਿਹੜੇ ਸਿਆਸੀ ਆਗੂ ਇੱਕ ਜਾਂ ਦੂਸਰੀ ਠਾਹਰ ਦੀ ਝਾਕ ਜਾਂ ਭਵਿੱਖ ਦੇ ਕਿਸੇ ਵੱਡੇ ਦਾਅ ਲਈ ਏਧਰ-ਓਧਰ ਦੌੜਾਂ ਲਾਉਂਦੇ ਫਿਰਦੇ ਹਨ, ਮਾਰੂਥਲ ਦੀ ਰੇਤ ਨੂੰ ਪਾਣੀ ਮੰਨ ਕੇ ਦੌੜਾਂ ਲਾਉਣ ਵਾਲੇ ਹਿਰਨ ਵਾਂਗ ਉਨ੍ਹਾਂ ਦੀ ਇਹ ਦੌੜ ਕਿਸੇ ਪਾਸੇ ਲੱਗਣੀ ਨਹੀਂ। ਉਨ੍ਹਾਂ ਵਿੱਚੋਂ ਕੋਈ ਜਣਾ ਕਿਸੇ ਪਾਸੇ ਲੱਗਣ ਲੱਗੇ ਤਾਂ ਪਹਿਲਾਂ ਵੇਖ਼ਦਾ ਹੈ ਕਿ ਉਸ ਦੇ ਸਿਆਸੀ ਰਕੀਬ ਉਸ ਪਾਸੇ ਤਾਂ ਨਹੀਂ, ਫਿਰ ਅਗਲਾ ਰਸਤਾ ਧਾਰਨ ਕਰਦਾ ਹੈ ਅਤੇ ਜੇ ਸਿਆਸੀ ਰਕੀਬ ਉਸ ਪਾਸੇ ਦਿੱਸ ਪਵੇ ਤਾਂ ਕੂਹਣੀ ਮੋੜ ਕੱਟ ਕੇ 'ਘਰ ਵਾਪਸੀ' ਦਾ ਨਾਟਕ ਕਰਨ ਲੱਗ ਜਾਂਦਾ ਹੈ। ਭਾਰਤ ਦੇਸ਼ ਦਾ ਅਗਲਾ ਸਮਾਂ ਉਨ੍ਹਾਂ ਸਭਨਾਂ ਲਈ ਏਨੇ ਬੇਯਕੀਨੇ ਮਾਹੌਲ ਦੇ ਸੰਕੇਤ ਦੇਂਦਾ ਹੈ, ਜਿਸ ਦਾ ਉਨ੍ਹਾਂ ਆਗੂਆਂ ਨੂੰ ਕੀ, ਰਾਜਨੀਤੀ ਦੇ ਕਿਸੇ ਨਿਰਪੱਖ ਵਿਸ਼ਲੇਸ਼ਕ ਨੂੰ ਵੀ ਅੰਦਾਜ਼ਾ ਲਾਉਣਾ ਔਖਾ ਹੋਵੇਗਾ। ਜਦੋਂ ਅੱਖਾਂ ਮੂਹਰੇ ਭਾਰਤ ਦੇਸ਼ ਦਾ ਕੋਈ ਭਵਿੱਖ ਨਕਸ਼ਾ ਨਾ ਦਿੱਸਦਾ ਪਿਆ ਹੋਵੇ, ਸਿਰਫ ਅਤੇ ਸਿਰਫ ਸਰਕਾਰਾਂ ਬਣਾਉਣ ਅਤੇ ਗੱਦੀਆਂ ਉੱਤੇ ਪਹੁੰਚਣ ਅਤੇ ਪਹੁੰਚ ਜਾਣ ਤਾਂ ਉਨ੍ਹਾਂ ਗੱਦੀਆਂ ਉੱਤੇ ਟਿਕੇ ਰਹਿਣ ਦੀ ਮੋਰਚੇਬੰਦੀ ਹੀ ਪ੍ਰਮੁੱਖ ਮੁੱਦਾਬਣੀ ਹੋਈ ਹੋਵੇ ਤਾਂ ਫਿਰ ਲੀਡਰਾਂ ਇਕੱਲਿਆਂ ਲਈ ਨਹੀਂ, ਉਸ ਦੇਸ਼ ਦੇ ਆਮ ਲੋਕਾਂ ਵਾਸਤੇ ਵੀ ਇਹ ਘੜੀ ਕੁਲਹਿਣੀ ਕਹੀ ਜਾ ਸਕਦੀ ਹੈ। ਇਹ ਬੜਾ ਹਨੇਰਾ ਸਮਾਂ ਹੈ, ਭਾਰਤਦੇਸ਼ ਦੇ ਵਰਤਮਾਨ ਤੇ ਭਵਿੱਖ ਦੋਵਾਂ ਲਈ, ਜਿੱਥੇ ਰਾਹ ਦਿਖਾਉਣ ਵਾਲਾ ਕੋਈ ਜੁਗਨੂੰ ਵੀ ਨਹੀਂ ਲੱਭਦਾ।

**-ਜਤਿੰਦਰ ਪੰਨੂ ਦੇ ਲੇਖ ਚੋਂ**

# ਦਲਿਤ ਲੜਕੇ ਨੂੰ ਪਿਸ਼ਾਬ ਪੀਣ ਲਈ ਕੀਤਾ ਮਜਬੂਰ

ਨਵੀਂ ਦਿੱਲੀ: ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਵਿੱਚ ਇੱਕ 14 ਸਾਲਾ ਦਲਿਤ ਲੜਕੇ ਨੂੰ ਠਾਕੁਰ ਜਾਤੀ ਦਵਿਅਕਤੀਆਂ ਵੱਲੋਂ ਪਿਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ, ਉਲਟਾ ਅਜਿਹਾ ਕਰਨ ਵਾਲਿਆਂ ਨੇ ਉਸ ਉਪਰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤਹਿਤ ਕੇਸ ਵੀ ਦਰਜ ਕਰਵਾ ਦਿੱਤਾ ਤਾਂ ਕਿ ਠਾਕੁਰਾਂ ਵੱਲੋਂ ਕੀਤੇ ਅਪਰਾਧ ਤੇ ਪਰਦਾ ਪਾਇਆ ਜਾ ਸਕੇ।24 ਨਵੰਬਰ ਨੂੰ, ਬ੍ਰਿਜੇਸ਼ ਗੌਤਮ ਦੀ ਸ਼ਿਕਾਇਤ 'ਤੇ ਜੌਨਪੁਰ ਦੇ ਸੁਜਾਨਗੰਜ ਥਾਣੇ ਵਿੱਚ ਇੱਕ ਐਫਆਈਆਰ ਦਰਜ ਕੀਤੀ ਗਈ ਸੀ, ਜਿਸ ਨੇ ਇੱਕ ਠਾਕੁਰ ਪਿਓ-ਪੁੱਤ ਅਤੇ ਹੋਰ ਅਣਪਛਾਤੇ ਵਿਅਕਤੀਆਂ 'ਤੇ ਆਪਣੇ ਕਿਸ਼ੋਰ ਪੁੱਤਰ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਸੀ। ਇਹ ਘਟਨਾ 23 ਨਵੰਬਰ ਨੂੰ ਵਾਪਰੀ ਸੀ। ਗੌਤਮ ਨੇ ਦੋਸ਼ ਲਾਇਆ ਕਿ ਮੁਲਜ਼ਮਾਂ ਨੇ ਉਸ ਦੇ ਪੁੱਤਰ ਦੀ ਕੁੱਟਮਾਰ ਕੀਤੀ, ਜਾਤੀ ਸੂਚਕ ਗਾਲਾਂ ਕੱਢੀਆਂ, ਉਸ ਨੂੰ ਗਲਾਸ ਵਿੱਚੋਂ ਪਿਸ਼ਾਬ ਪੀਣ ਲਈ ਮਜਬੂਰ ਕੀਤਾ ਅਤੇ ਫਿਰ ਉਸ ਦੀ ਖੱਬੀ ਭਰਵੱਟੀ ਕੱਟ ਦਿੱਤੀ।

ਪੁਲਿਸ ਸ਼ਿਕਾਇਤ ਅਨੁਸਾਰ 23 ਨਵੰਬਰ ਨੂੰ ਸਵੇਰੇ 10 ਵਜੇ ਦੇ ਕਰੀਬ ਨਾਬਾਲਗ ਲੜਕਾ ਗੌਤਮ ਆਪਣੇ ਦੋਸਤ ਨੂੰ ਸਾਈਕਲ 'ਤੇ ਲਾਂਘੇ 'ਤੇ ਛੱਡ ਕੇ ਆਪਣੇ ਪਿੰਡ ਅਸਲੋਪੁਰ ਵਾਪਸ ਆ ਰਿਹਾ ਸੀ ਤਾਂ ਮੁਲਜ਼ਮਾਂ ਆਦਿਤਿਆ ਸਿੰਘ, ਉਸਦੇ ਪਿਤਾ ਅਸ਼ੋਕ ਕੁਮਾਰ ਸਿੰਘ ਉਰਫ਼ ਬਬਲੂ ਸਿੰਘ ਨੇ ਅਤੇ ਦੋ ਹੋਰਾਂ ਨੇ ਪੈਟਰੋਲ ਪੰਪ ਨੇੜੇ ਉਸ ਨਾਲ ਬਦਸਲੂਕੀ ਕੀਤੀ।ਗੌਤਮ ਨੇ ਦੋਸ਼ ਲਾਇਆ ਕਿ ਦੋਸ਼ੀ ਵਿਅਕਤੀ ਫਿਰ ਉਸ ਨੂੰ ਪੈਟਰੋਲ ਪੰਪ ਤੋਂ ਇਕ ਕਿਲੋਮੀਟਰ ਦੂਰ ਜੰਗਲੀ ਖੇਤਰ ਵਿਚ ਇਕ ਅਲੱਗ ਥਾਂ 'ਤੇ ਲੈ ਗਏ, ਜਿੱਥੇ ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਜ਼ਲੀਲ ਕੀਤਾ।ਉਨ੍ਹਾਂ ਨੇ ਉਸਦਾ ਸਿਰ ਪਾਣੀ ਵਿੱਚ ਡੁਬੋ ਕੇ ਉਸਨੂੰ ਮਾਰਿਆ ਅਤੇ ਉਸਦਾ ਮੂੰਹ ਚਿੱਕੜ ਨਾਲ ਭਰ ਦਿੱਤਾ। ਉਨ੍ਹਾਂ ਨੇ ਪਿਸ਼ਾਬ ਕਰ ਦਿੱਤਾ ਅਤੇ ਉਸਨੂੰ ਪੀਣ ਲਈ ਦਿੱਤਾ," ਲੜਕੇ ਦੇ ਦਾਦਾ ਮੇਵਲਾਲ ਗੌਤਮ ਨੇ ਦ ਵਾਇਰ ਨੂੰ ਦੱਸਿਆ।ਜਦੋਂ ਇਹ ਕੇਸ ਅਸੀਂ ਪੁਲਿਸ ਕੋਲ ਕੀਤਾ ਤਾਂ ਠਾਕੁਰਾਂ ਉਲਟਾ ਗੌਤਮ ਤੇ ਜਿਨਸੀ ਸੋਸਣ ਦਾ ਮਕੁਦਮਾ ਕਰ ਦਿੱਤਾ ਹੈ।

# ਮੋਦੀ ਦੇ ਨਿੱਜੀਕਰਨ ਦੇ ਕਦਮ ਨਾਲ ਬਰਾਬਰੀ ਲਈ ਸਾਰੇ ਸੰਘਰਸ਼ ਖਤਮ ਹੋ ਜਾਣਗੇ:ਅਖਿਲੇਸ਼ ਯਾਦਵ

ਨਵੀਂ ਦਿੱਲੀ— ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਸੋਮਵਾਰ (27 ਨਵੰਬਰ) ਨੂੰ ਚੇਨਈ 'ਚ ਕਿਹਾ ਕਿ ਜੇਕਰ ਕੇਂਦਰ ਸਰਕਾਰ ਹਰ ਚੀਜ਼ ਦਾ ਨਿੱਜੀਕਰਨ ਕਰਦੀ ਹੈ ਤਾਂ ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੇ ਲੋਕ ਉਨ੍ਹਾਂ ਅਧਿਕਾਰਾਂ ਤੋਂ ਵਾਂਝੇ ਹੋ ਜਾਣਗੇ, ਜੋ ਉਨ੍ਹਾਂ ਨੂੰ ਦਿੱਤੇ ਗਏ ਸਨ।ਦਿ ਹਿੰਦੂ ਦੀ ਰਿਪੋਰਟ ਮੁਤਾਬਕ ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਵੀਪੀ ਸਿੰਘ ਦੀ ਮੂਰਤੀ ਤੋਂ ਪਰਦਾ ਹਟਾਉਣ ਤੋਂ ਬਾਅਦ ਇੱਕ ਸਮਾਗਮ ਵਿੱਚ ਬੋਲਦਿਆਂ ਅਖਿਲੇਸ਼ ਨੇ ਕਿਹਾ, 'ਹੁਣ ਜਾਤੀ ਜਨਗਣਨਾ ਦਾ ਮੁੱਦਾ ਹੈ। ਨਿੱਜੀਕਰਨ ਵੱਲ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਸਾਡੇ ਵੱਲੋਂ ਬਰਾਬਰੀ ਲਈ ਕੀਤੇ ਸੰਘਰਸ਼ਾਂ ਨੂੰ ਬੇਅਸਰ ਕਰ ਦੇਵੇਗੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਹਰ ਚੀਜ਼ ਦਾ ਨਿੱਜੀਕਰਨ ਕਰਕੇ ਇਸ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਦਿੰਦੀ ਹੈ ਤਾਂ ਜਿਨ੍ਹਾਂ ਲੋਕਾਂ ਨੂੰ ਅਸੀਂ ਹੱਕ ਦਿੱਤੇ ਹਨ, ਉਹ ਉਨ੍ਹਾਂ ਨੂੰ ਗੁਆ ਬੈਠਣਗੇ। ਅਸੀਂ ਇੰਨੇ ਸੰਘਰਸ਼ਾਂ ਤੋਂ ਬਾਅਦ ਜੋ ਵੀ ਪ੍ਰਾਪਤ ਕੀਤਾ ਹੈ, ਅਸੀਂ ਉਹ ਸਭ ਗੁਆ ਦੇਵਾਂਗੇ। ਸਾਡੀ ਲੜਾਈ ਅਜੇ ਖਤਮ ਨਹੀਂ ਹੋਈ। ਅੰਬੇਡਕਰ, ਮੰਡਲ ਅਤੇ ਰਾਮ ਮਨੋਹਰ ਲੋਹੀਆ ਵਰਗੇ ਆਗੂਆਂ ਦੇ ਦਰਸਾਏ ਮਾਰਗ 'ਤੇ ਚੱਲਣਾ ਹੈ।

FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus
Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED

5.29 %*

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# ਕੈਨੇਡਾ ਦੇ ਆਰਥਿਕ ਹਾਲਾਤ ਵਿਗੜਨ ਕਾਰਣ ਪ੍ਰਵਾਸੀ ਵਾਪਸ ਪਰਤਣ ਲੱਗੇ

ਇਹ ਮੰਨਿਆ ਜਾਂਦਾ ਰਿਹਾ ਹੈ ਕਿ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕੈਨੇਡਾ ਪਰਵਾਸ ਕਰ ਗਏ ਲੋਕਾਂ ਦਾ ਤਜਰਬਾ ਆਮ ਤੌਰ 'ਤੇ ਸੁਖਾਵਾਂ ਰਿਹਾ ਹੈ। ਭਰਵੀਂ ਕਮਾਈ ਦਾ ਟੀਚਾ ਹਾਸਲ ਕਰਨ ਲਈ ਕੈਨੇਡਾ ਪਰਵਾਸੀਆਂ ਲਈ ਪਸੰਦੀਦਾ ਟਿਕਾਣਾ ਬਣਿਆ ਰਿਹਾ ਹੈ ਪਰ ਹੁਣ ਹਾਲਾਤ ਵਿਗੜ ਗਏ ਹਨ। ਉੱਥੋਂ ਪਰਵਾਸੀਆਂ ਨੇ ਹੋਰ ਮੁਲਕਾਂ ਦਾ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਹੈ ਜਾਂ ਫਿਰ ਉਹ ਵਤਨ ਵਾਪਸ ਮੁੜਨ ਲੱਗ ਪਏ ਹਨ।ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈਸੀਸੀ) ਲਈ ਕਾਨਫਰੰਸ ਬੋਰਡ ਆਫ ਕੈਨੇਡਾ ਦੇ ਕਰਵਾਏ ਹਾਲੀਆ ਸਰਵੇਖਣ 'ਦਿ ਲੀਕੀ ਬੱਕਿਟ: ਏ ਸਟੱਡੀ ਆਫ ਇਮੀਗ੍ਰੈਂਟ ਰਿਟੈਂਸ਼ਨ ਟ੍ਰੈਂਡਜ਼ ਇਨ ਕੈਨੇਡਾ' ਤੋਂ ਪਤਾ ਲੱਗਦਾ ਹੈ ਕਿ 1980ਵਿਆਂ ਤੋਂ ਲੈ ਕੇ ਕੈਨੈਡਾ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। 2017 ਅਤੇ 2019 ਵਿਚ ਇਸ ਰੁਝਾਨ ਵਿਚ ਉਛਾਲ ਆਇਆ ਅਤੇ ਇਸ ਵਿਚ ਔਸਤ ਆਮਦ ਨਾਲੋਂ 31 ਫ਼ੀਸਦ ਵਾਧਾ ਹੋਇਆ। ਕੋਵਿਡ-19 ਤੋਂ ਬਾਅਦ ਇਸ ਸੰਖਿਆ ਵਿਚ ਇਸ ਕਰ ਕੇ ਵਾਧਾ ਹੋਇਆ ਕਿਉਂਕਿ ਕੈਨੇਡੀਅਨਾਂ ਦੀ ਆਰਥਿਕ ਹਾਲਤ ਵਿਚ ਆਮ ਤੌਰ 'ਤੇ ਨਿਘਾਰ ਆਇਆ ਸੀ।ਪਰਵਾਸੀਆਂ ਦੀ ਆਮਦ ਦੀ ਉੱਚੀ ਦਰ ਅਤੇ ਮੋੜਵੇਂ ਪਰਵਾਸ ਨਾਲ ਕੈਨੇਡਾ ਦੇ ਜਨਸੰਖਿਆ ਸਮਤੋਲ ਉਪਰ ਨਾਂਹਮੁਖੀ ਅਸਰ ਪਿਆ ਹੈ। ਸਟੈਟਿਸਟਿਕ ਕੈਨੇਡਾ ਨੇ ਇਹ ਗੱਲ ਦਰਜ ਕੀਤੀ ਹੈ ਕਿ 2010 ਵਿਚ ਕੈਨੈਡਾ ਦੀ 14.1 ਫ਼ੀਸਦ ਆਬਾਦੀ ਦੀ ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਸੀ। 2022 ਵਿਚ ਇਹ ਦਰ ਵਧ ਕੇ 19 ਫ਼ੀਸਦ ਹੋ ਗਈ ਸੀ। ਜੇ ਪਰਵਾਸ ਵਿਚ ਕੋਈ ਰੁਕਾਵਟ ਆਈ ਤਾਂ ਇਹ ਰੁਝਾਨ ਹੋਰ ਤੇਜ਼ ਹੋਣ ਦੇ ਆਸਾਰ ਹਨ। ਕੰਮਕਾਜੀ ਉਮਰ ਵਰਗ (15-64) ਦੇ ਹਿਸਾਬ ਨਾਲ 1966 ਵਿਚ 65 ਸਾਲ ਤੋਂ ਵੱਡੀ ਉਮਰ ਦੇ ਕੈਨੇਡੀਅਨਾਂ ਦੀ ਸੰਖਿਆ 7.8 ਫ਼ੀਸਦ ਸੀ; 2022 ਵਿਚ ਇਨ੍ਹਾਂ ਦੀ ਦਰ ਘਟ ਕੇ 3.4 ਫ਼ੀਸਦ ਰਹਿ ਗਈ ਸੀ ਅਤੇ 2050 ਤੱਕ ਇਹ ਸੰਖਿਆ ਤਿੰਨ ਫੀਸਦ ਤੋਂ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਇਸ ਕਰਕੇ ਕਰਦਾਤਿਆਂ ਦੀ ਸੰਖਿਆ ਘਟਣ ਅਤੇ ਪੈਨਸ਼ਨਰਾਂ ਤੇ ਆਮਦਨ ਸਹਾਇਤਾ 'ਤੇ ਆਸ਼ਰਿਤਾਂ ਦੀ ਸੰਖਿਆ ਵਧਣ ਕਰ ਕੇ ਸਰਕਾਰੀ ਮਾਲੀਏ ਅਤੇ ਖਰਚ ਉਪਰ ਸਿੱਧਾ ਪ੍ਰਭਾਵ ਪੈਂਦਾ ਹੈ। ਬਜ਼ੁਰਗਾਂ ਦੀ ਕੁੱਲ ਸੰਖਿਆ ਵਧਣ ਨਾਲ ਦੇਸ਼ ਦੀ ਸਿਹਤ ਪ੍ਰਣਾਲੀ ਉਪਰ ਵੀ ਦਬਾਅ ਵਧ ਜਾਂਦਾ ਹੈ।

ਬਜ਼ੁਰਗਾਂ ਦੇ ਮੁਕਾਬਲੇ ਕੰਮਕਾਜੀ ਉਮਰ ਵਰਗ ਦੇ ਕੈਨੇਡੀਅਨਾਂ ਦਾ ਬਦਲ ਰਿਹਾ ਅਨੁਪਾਤ ਸਰਕਾਰ ਅਤੇ ਨੀਤੀਘਾੜਿਆਂ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਨੀਤੀਘਾੜਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਥਾਈ ਨਿਵਾਸ ਦਾ ਦਰਜਾ ਦੇਣ ਸਮੇਤ ਕੈਨੈਡਾ ਦੇ ਬਹੁਤੇਰੇ ਪਰਵਾਸ ਬਦਲਾਂ ਰਾਹੀਂ ਨੌਜਵਾਨਾਂ ਨੂੰ ਆਵਾਸ ਦਾ ਸੱਦਾ ਦੇਣ 'ਤੇ ਟੇਕ ਰੱਖੀ ਹੋਈ ਸੀ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਹੈ। ਕੈਨੇਡਾ ਦੀ 2024 ਵਿਚ 485000 ਅਤੇ 2025 ਵਿਚ 5 ਲੱਖ ਲੋਕਾਂ ਨੂੰ ਆਵਾਸ ਲਈ ਸੱਦਣ ਦੀ ਯੋਜਨਾ ਹੈ। ਕੈਨੇਡਾ ਪੁੱਜੇ ਪਰਵਾਸੀਆਂ ਵਿਚ ਉਚ ਹੁਨਰਮੰਦ ਕਾਮੇ, ਆਰਜ਼ੀ ਵਿਦੇਸ਼ੀ ਕਾਮੇ ਤੇ ਕੌਮਾਂਤਰੀ ਵਿਦਿਆਰਥੀ ਸ਼ਾਮਲ ਹਨ। ਇਨ੍ਹਾਂ ਵਿਚੋਂ ਹਰ ਵੰਨਗੀ ਦੇ ਕਾਮਿਆਂ ਦੀਆਂ ਆਪੋ-ਆਪਣੀਆਂ ਮੁਸ਼ਕਲਾਂ ਹਨ। ਉਚ ਹੁਨਰਮੰਦ ਕਾਮੇ ਉਤਸ਼ਾਹ ਨਾਲ ਕੈਨੇਡਾ ਪਹੁੰਚਦੇ ਹਨ ਪਰ ਉਨ੍ਹਾਂ ਨੂੰ ਇੱਥੇ ਪਹੁੰਚਦਿਆਂ ਹੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਮੁਹਾਰਤ ਮੁਤਾਬਕ ਕੰਮ ਲੱਭਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਹਨ; ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦਾ ਗੁਜ਼ਰ ਬਸਰ ਕਰਨ ਲਈ ਕਈ ਵਾਰ ਘੱਟ ਉਜਰਤ ਵਾਲੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਬਹੁਤੇ ਕੇਸਾਂ ਵਿਚ ਕੈਨੇਡੀਅਨ ਮਾਲਕ ਨਵੇਂ ਕਾਮਿਆਂ ਦੀ ਵਿਦਿਅਕ ਯੋਗਤਾ ਤੇ ਤਜਰਬੇ ਨੂੰ ਨਹੀਂ ਦੇਖਦੇ। ਕੁਝ ਮਾਲਕ ਉੱਤਰੀ ਅਮਰੀਕਾ ਵਿਚ ਪੜ੍ਹੇ ਵਿਅਕਤੀਆਂ ਨੂੰ ਕੰਮ ਦੇਣਾ ਪਸੰਦ ਕਰਦੇ ਹਨ ਭਾਵੇਂ ਉਨ੍ਹਾਂ ਕੋਲ ਦੂਜੇ ਪਰਵਾਸੀਆਂ ਜਿੰਨੀ ਵਿਦਿਅਕ ਯੋਗਤਾ ਤੇ ਤਜਰਬਾ ਨਹੀਂ ਹੁੰਦਾ।ਲਾਇਸੈਂਸ ਲੈਣ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਤੇ ਖਰਚੀਲੀ ਹੈ ਅਤੇ ਇਸ ਨੂੰ ਪੂਰਾ ਕਰਨ ਵਿਚ ਕਾਫ਼ੀ ਸਮਾਂ ਲਗਦਾ ਹੈ। ਕੈਨੇਡਾ ਵਲੋਂ ਸਕੂਲ ਵਿਚ ਦਾਖ਼ਲੇ ਤੋਂ ਫੌਰੀ ਬਾਅਦ ਪਾਰਟ-ਟਾਈਮ ਕੰਮ ਕਰਨ ਦੀ ਖੁੱਲ੍ਹ ਦੇਣ ਦੇ ਨੇਮ ਸਰਲ ਕਰਨ ਤੋਂ ਬਾਅਦ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ ਵਾਧਾ ਹੋਇਆ ਸੀ। ਇਸ ਨਾਲ ਕੈਨੇਡੀਅਨ ਅਰਥਚਾਰੇ ਨੂੰ ਵੀ ਭਰਵਾਂ ਲਾਭ ਮਿਲਿਆ। 2022 ਤੱਕ ਸਿੱਖਿਆ ਸੰਸਥਾਵਾਂ ਵਿਚ 8 ਲੱਖ ਤੋਂ ਜ਼ਿਆਦਾ ਸਟੱਡੀ ਪਰਮਿਟ ਧਾਰਕ ਦਾਖ਼ਲ ਸਨ। ਸਾਲ 2022 ਵਿਚ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਯੋਗਦਾਨ ਅੰਦਾਜ਼ਨ 22 ਅਰਬ ਡਾਲਰ 'ਤੇ ਪਹੁੰਚ ਗਿਆ ਸੀ ਅਤੇ ਇਸ ਨਾਲ ਕਰੀਬ 200000 ਨੌਕਰੀਆਂ ਪੈਦਾ ਕਰਨ ਵਿਚ ਮਦਦ ਮਿਲੀ ਸੀ।ਕੌਮਾਂਤਰੀ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਘੱਟੋ-ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜਿਸ ਨਾਲ ਛੋਟੇ ਅਤੇ ਪ੍ਰਚੂਨ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਵਿਚ ਕਾਫ਼ੀ ਮਦਦ ਮਿਲਦੀ ਹੈ। ਦੋ ਸਾਲਾਂ ਦੀ ਪੜ੍ਹਾਈ ਅਤੇ ਇਕ ਸਾਲ ਕੈਨੇਡਾ ਵਿਚ ਕੰਮ ਕਰਨ ਦਾ ਤਜਰਬਾ (1560 ਘੰਟੇ) ਲੈਣ ਤੋਂ ਬਾਅਦ ਕੋਈ ਸ਼ਖ਼ਸ ਸਥਾਈ ਨਿਵਾਸ (ਪੀਆਰ) ਲਈ ਦਰਖਾਸਤ ਦੇਣ ਦੇ ਯੋਗ ਹੋ ਜਾਂਦਾ ਹੈ ਪਰ ਪੀਆਰ ਵਿਆਪਕ ਦਰਜਾਬੰਦੀ ਪ੍ਰਣਾਲੀ (ਸੀਆਰਐੱਸ) ਦੇ ਅੰਕਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਸੀਆਰਐੱਸ ਅੰਕ ਆਧਾਰਿਤ ਪ੍ਰਣਾਲੀ ਹੈ ਜਿਸ ਦੀ ਵਰਤੋਂ ਕਿਸੇ ਦੇ ਸਕੋਰ ਅਤੇ ਐਕਸਪ੍ਰੈੱਸ ਐਂਟਰੀ ਪੂਲ ਵਿਚ ਇਸ ਦੇ ਦਰਜੇ ਨੂੰ ਮਾਪਣ ਲਈ ਕੀਤੀ ਜਾਂਦੀ ਹੈ। ਸੀਆਰਐੱਸ ਅੰਕ ਵਡੇਰੇ ਤੌਰ 'ਤੇ ਬਿਨੈਕਾਰ ਦੀ ਭਾਸ਼ਾਈ ਹੁਨਰ, ਵਿਦਿਆ, ਕੰਮ ਦੇ ਤਜਰਬੇ ਅਤੇ ਉਮਰ ਨਾਲ ਜੁੜੇ ਹੁੰਦੇ ਹਨ। ਪੀਆਰ ਲਈ ਦਰਖਾਸਤਕਾਰਾਂ ਦੇ ਡ੍ਰਾਅ ਦੇ ਹਰ ਗੇੜ ਵਿਚ ਸੀਆਰਐੱਸ ਕੱਟ-ਆਫ ਜੁਦਾ ਹੁੰਦੀ ਹੈ। ਸਾਲ 2022 ਵਿਚ ਵੱਖੋ ਵੱਖਰੇ ਡ੍ਰਾਅ ਲਈ ਸੀਆਰਐੱਸ ਸਕੋਰ 491 ਤੋਂ 557 ਵਿਚਕਾਰ ਸੀ। ਕੱਟ-ਆਫ ਕੀਮਤ ਪੂਲ ਵਿਚ ਬਿਨੈਕਾਰਾਂ ਦੀ ਸੰਖਿਆ, ਉਨ੍ਹਾਂ ਦੇ ਸੀਆਰਐੱਸ ਅੰਕਾਂ ਤੇ ਆਵਾਸ ਅਧਿਕਾਰੀਆਂ ਦੀਆਂ ਤੈਅ ਕੀਤੀਆਂ ਅਰਜ਼ੀਆਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ। 23 ਅਕਤੂਬਰ 2023 ਨੂੰ ਪੂਲ ਵਿਚ 214873 ਅਰਜ਼ੀਆਂ ਸਨ ਅਤੇ ਇਨ੍ਹਾਂ 'ਚੋਂ ਸਿਰਫ਼ 3600 ਬਿਨੈਕਾਰਾਂ ਦਾ ਸਕੋਰ 431 ਜਾਂ ਇਸ ਤੋਂ ਜ਼ਿਆਦਾ ਸੀ ਅਤੇ ਇਨ੍ਹਾਂ ਨੂੰ 26 ਅਕਤੂਬਰ ਦੇ ਡ੍ਰਾਅ ਲਈ ਸੱਦਿਆ ਗਿਆ ਸੀ। ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਵਾਲੇ ਹੋਰ ਬਿਨੈਕਾਰਾਂ ਨੂੰ ਹੋਰ ਤਰੀਕਿਆਂ ਦੀ ਵਰਤੋਂ ਕਰ ਕੇ ਵਾਧੂ ਅੰਕ ਜੁਟਾਉਣ ਲਈ ਕਈ ਮਹੀਨਿਆਂ ਜਾਂ ਫਿਰ ਸਾਲਾਂ ਦੀ ਇੰਤਜ਼ਾਰ ਕਰਨੀ ਪਵੇਗੀ।ਤਦ ਤੱਕ ਉਨ੍ਹਾਂ ਕੋਲ ਤਿੰਨ ਸਾਲਾਂ ਦੇ ਵਰਕ ਪਰਮਿਟ ਤਹਿਤ ਆਰਜ਼ੀ ਕਾਮੇ ਦਾ ਦਰਜਾ ਰਹੇਗਾ। ਕਿਸੇ ਮਾਲਕ ਤੋਂ ਸਿੱਧੇ ਤੌਰ 'ਤੇ ਨੌਕਰੀ ਦੀ ਪੇਸ਼ਕਸ਼ ਮਿਲਣ ਜਾਂ ਉਸ ਜ਼ਰੀਏ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐੱਲਐੱਮਆਈਏ) ਪ੍ਰਵਾਨਗੀ ਪ੍ਰਾਪਤ ਕਰ ਕੇ ਵਾਧੂ ਅੰਕ ਹਾਸਲ ਕੀਤੇ ਜਾ ਸਕਦੇ ਹਨ। ਦੇਖਣ ਨੂੰ ਇਹ ਸਾਧਾਰਨ ਕੰਮ ਜਾਪਦਾ ਹੈ ਪਰ ਜਦੋਂ ਪੂਲ 'ਚ ਬਹੁਤ ਸਾਰੀਆਂ ਅਰਜ਼ੀਆਂ ਹੋਣ ਤੇ ਨਵੀਆਂ ਦਰਖਾਸਤਾਂ ਦੀ ਸੰਖਿਆ ਘੱਟ ਹੋਵੇ ਤਾਂ ਬਹੁਤ

(ਬਾਕੀ ਸਫਾ ਬੀ-20 ਤੇ)


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

**Ph: 604-446-3154** NO SIDE EFFECTS

#109-12830-80Ave, Surrey, BC V3W 3A8 (York Centre)



## ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



### ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

### ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

### ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

### ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

### ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

### ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

### ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

## ਚਰਨਜੀਤ ਕੌਰ ਰੈਨਾ
**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

# GTP MARVELOUS COLLEGE INC.

*IELTS
*CELPIP
*CLB

- Certified Translation Services
- Interview Preparation

ਅੰਗਰੇਜ਼ੀ ਬੋਲਣਾ ਸਿੱਖੋ

**604-725-3340**
**778-895-3340**

#207-7928-128St, Surrey (York Center)
Email:avirdi4@gmail.com
Web:englishisveryeasy.com


Prof. Avtar S. Virdi
(Director & Author)

## ਹਰ ਤਰ੍ਹਾਂ ਦੇ ਟੈਕਸ ਦੇ ਪੇਪਰ ਭਰਵਾਉ

## File Your Taxes

E-I, CPP, Old Age Pension, Personal Taxes

## ਹਰ ਤਰ੍ਹਾਂ ਦੇ ਫਾਰਮ ਭਰਵਾਉਣ ਲਈ ਕਾਲ ਕਰੋ

CITIZENSHIP-PASSPORT-VISITOR VISA
PCC-MSP-PR CARD

**Noris Virdi 604-446-0346**

metrovancouver | AIR QUALITY & CLIMATE CHANGE

# ਮੈਟਰੋ ਵੈਨਕੂਵਰ ਓਪਨ (ਆਊਟਡੋਰ) ਜਲਣ ਸ਼ਰਤਾਂ ਲਾਗੂ ਹਨ

ਮੈਟਰੋ ਵੈਨਕੂਵਰ ਦੇ ਓਪਨ ਜਲਣ ਨਿਕਾਸ ਰੈਗੂਲੇਸ਼ਨ ਬਾਇਲਾਅ 1355, 2022 ਦਾ ਨਿਸ਼ਾਨਾ ਓਪਨ ਬਰਨਿੰਗ ਤੋਂ ਪਬਲਿਕ ਸਿਹਤ ਅਤੇ ਵਾਤਾਵਰਣ ਤੇ ਪੈ ਰਹੇ ਅਸਰ ਨੂੰ ਘੱਟ ਕਰਨਾ ਹੈ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ?

ਮੈਟਰੋ ਵੈਨਕੂਵਰ ਖਿੱਤੇ ਵਿਚ 0.6 ਮੀਟਰ ਤੋਂ 0.75 ਮੀਟਰ ਤੱਕ ਉੱਚੇ ਬਨਸਪਤੀ ਮਲਬੇ ਦੇ ਢੇਰ ਨੂੰ ਜਾਲਣ ਲਈ ਮੈਟਰੋ ਵੈਨਕੂਵਰ ਤੋਂ ਅਧਿਕਾਰ ਲੈਣਾ ਪਵੇਗਾ।

## ਮੈਟਰੋ ਵੈਨਕੂਵਰ ਤੋਂ ਅਧਿਕਾਰ ਲੈਣ ਲਈ:

*ਓਪਨ ਬਰਨਿੰਗ ਰਜਿਸਟਰੇਸ਼ਨ ਸਿਸਟਮ ਵਰਤ ਕੇ ਓਪਨ ਬਰਨ ਨਾਲ ਰਜਿਸਟਰ ਕਰਨਾ ਜਾਂ
*ਓਪਨ ਬਰਨਿੰਗ ਅਪਰੂਵਲ ਲੈਣਾ
ਨਗਰ ਪਾਲਿਕਾ ਪਾਬੰਦੀਆਂ ਲਈ ਤੁਹਾਨੂੰ ਆਪਣੇ ਲੋਕਲ ਫਾਇਰ ਡਿਪਾਰਟਮੈਂਟ ਤੋਂ ਜਾਂਚ ਲੈਣੀ ਪਵੇਗੀ।

ਓਪਨ ਬਰਨਿੰਗ ਅਧਿਕਾਰ ਲੈਣ, ਯੋਗ ਮਾਪਦੰਡ ਅਤੇ ਜਰੂਰਤਾਂ ਦੀ ਵਧੇਰੇ ਜਾਣਕਾਰੀ ਲੈਣ ਲਈ, QR ਕੋਡ ਸਕੈਨ ਕਰੋ ਜਾਂ **www.metrovancouver.org** ਤੇ ਜਾਓ ਅਤੇ ਸਰਚ ਕਰੋ 'open burning',
ਸੰਪਰਕ ਕਰੋ:604-432-OBER (6237)
or email: ober@metrovancouver.org

# UNIVERSAL TENT RENTAL LTD.

**PARTY RENTALS**

- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book your special event
Jaswinder (Jessie) Thandi
**Ph: 604.951.2905**
**Cell: 604.825.8588**

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

**NOW HIRING**
Email: info@universaltent.ca www.universaltent.ca

# UNIVERSAL BUILDING MAINTENANCE LTD.

Since 1987




## *RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

*Fast & Quality Service Reasonable Rates*

Call Jaswinder (Jessie) Thandi

**Cell: 604-377-2641**
**Bus: 604-951-2909**

Website:www.universalbuildingmaintenance.ca
Email:universalbuildingmaintenance01@gmail.com

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**



BRITISH COLUMBIA

HealthyHabitsBC.ca

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

## ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਬੀਬੀ ਪਰਵਿੰਦਰ ਕੌਰ ਕੰਗ ਸਵਰਗਵਾਸ




ਬੜੇ ਦੁਖੀ ਹਿਰਦੇ ਨਾਲ ਸੂਚਿਤ ਕਤਿਾ ਜਾਂਦਾ ਹੈ ਕਿ ਬੀਬੀ ਪਰਵਿੰਦਰ ਕੌਰ ਕੰਗ ਸੁਪਤਨੀ ਸ. ਮਹਿੰਦਰ ਸਿੰਘ ਕੰਗ ਆਪਣੀ 80 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਆਪ ਦਾ ਜਨਮ ਪਿੰਡ ਸ਼ਰੀਹ (ਪਾਕਿਸਤਾਨ) ਵਿਖੇ ਹੋਇਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਬੀਬੀ ਜੀ ਦਾ ਪਰਿਵਾਰ ਪਿੰਡ ਮਾਲੜੀ ਜ਼ਿਲ੍ਹਾ ਜਲੰਧਰ ਵਿਖੇ ਵਸਿਆ। ਉਹਨਾਂ ਦਾ ਵਿਆਹ 1961 ਵਿਚ ਪਿੰਡ ਚੂਹੇਕੀ ਜ਼ਿਲ੍ਹਾ ਜਲੰਧਰ ਵਿਚ ਸ. ਮਹਿੰਦਰ ਸਿੰਘ ਕੰਗ ਨਾਲ ਹੋਇਆ। 1965 ਵਿਚ ਬੀਬੀ ਜੀ ਆਪਣੇ ਪਤੀ ਕੋਲ ਇੰਗਲੈਂਡ ਪਹੁੰਚੇ। 1968 ਵਿਚ ਕੰਗ ਪਰਿਵਾਰ ਕਨੇਡਾ ਆ ਗਿਆ। ਇੱਥੇ ਇਹ ਪਰਿਵਾਰ ਕਾਫੀ ਸਫਾ ਪ੍ਰਿੰਸ ਜਾਰਜ ਅਤੇ ਕੈਮਲੂਪਸ ਵਿਖੇ ਰਹਿਣ ਉਪਰੰਤ ਸਰੀ ਆ ਗਿਆ। ਸਰੀ ਵਿਖੇ ਆਪਣੇ ਪਤੀ ਮਹਿੰਦਰ ਸਿੰਘ ਕੰਗ ਜੋ ਕਿ ਪਿਕਸ ਦੇ ਬਾਨੀਆਂ ਵਿਚੋਂ ਇਕ ਹਨ, ਉਹਨਾਂ ਦਾ ਕੰਗ ਪਰਿਵਾਰ ਨੇ ਪੂਰਾ ਸਾਥ ਦਿੱਤਾ। ਬੀਬੀ ਜੀ ਬਹੁਤ ਹੀ ਮਿਲਣਸਾਰ ਅਤੇ ਹਸਮੁੱਖ ਸੁਭਾਅ ਦੇ ਸਨ।

ਬੀਬੀ ਜੀ ਦਾ ਅੰਤਿਮ ਸੰਸਕਾਰ ਰਿਵਰਸਾਈਡ ਫਿਊਨਰਲ ਹੋਮ,7410 ਹੌਪਕੌਟ ਰੋਡ, ਡੈਲਟਾ ਵਿਖੇ 1 ਦਸੰਬਰ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਹੋਵੇਗਾ। ਇਸ ਉਪਰੰਤ ਉਨ੍ਹਾਂ ਨਮਿੱਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 2.30 ਵਜੇ ਗੁਰਦਵਾਰਾ ਨਾਨਕ ਨਿਵਾਸ, 8600 ਨੰਬਰ ਪੰਜ ਰੋਡ, ਰਿਚਮੰਡ ਵਿਖੇ ਹੋਵੇਗੀ।

## ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

## ਮਹਿੰਦਰ ਸਿੰਘ:604-721-6507 ਜਾਂ ਮਹਿੰਦਰ ਸਿੰਘ ਸੰਧੂ:604-307-6571

## ਰੌਬ ਕੰਗ:604-838-6014

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

**MADE IN CANADA**

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

**604-372-2122**

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*2 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਗੁਰਪ੍ਰੀਤ ਸਿੰਘ ਮੱਲ੍ਹੀ ਪਰਿਵਾਰ ਵੱਲੋਂ ਹੋਵੇਗੀ।

*2 ਦਸੰਬਰ ਦਿਨ ਸ਼ਨਿਚਰਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਪ੍ਰਗਟ ਸਿੰਘ ਚੌਹਾਨ ਪਰਿਵਾਰ ਵੱਲੋਂ

*3 ਦਸੰਬਰ ਦਿਨ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਮੀਤ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ

*3 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਗੁਰਮੀਤ ਸਿੰਘ ਬਰਾੜ ਪਰਿਵਾਰ ਵੱਲੋਂ

*3 ਦਸੰਬਰ ਦਿਨ ਐਤਵਾਰ ਅੰਤਿਮ ਅਰਦਾਸ ਬੀਬੀ ਹਰਪ੍ਰੀਤ ਕੌਰ ਨਮਿਤ ਸ਼ਾਮ 4 ਵਜੇ ਹੋਵੇਗੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਮਨਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ

*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ੍ਹ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਮੋਦੀ ਦੇ ਰਾਜ ਵਿਚ ਵਹਿਸ਼ੀਪੁਣਾ:ਰੋਕਥਾਮ ਕਦੋਂ?

## ਮਨੀਪੁਰ ਵਿਚ ਕਤਲੋਗਾਰਤ:ਸਾੜਫੂਕ ਤੇ ਔਰਤਾਂ ਦਾ ਸੋਸ਼ਣ ਹੁੰਦਾ ਰਿਹਾ, ਕੀ ਮੋਦੀ ਨੂੰ ਚੁੱਪ ਤੋੜਨ ਦੀ ਵਿਹਲ ਮਿਲੀ?

**ਕਿਸ਼ਤ-2**

**-ਪ੍ਰੋ. (ਡਾ.) ਗੁਰਨਾਮ ਸਿੰਘ ਸੰਘੇੜਾ**

''ਰਹਤ ਅਵਰ ਕਛੁ ਅਵਰ ਕਮਾਵਤ।। ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।।'' (ਸ.ਗ.ਗ.ਸ. : ਪੰਨਾ - 269) ਜਿਸ ਮਨੀਪੁਰ ਨੂੰ ਭਾਰਤ ਦਾ ਸਵਿਟਰਜ਼ਰਲੈਂਡ ਅਤੇ 'ਹੀਰਾ, ਨਗ, ਰਤਨ ਆਦਿ ਆਖਿਆ ਜਾਂਦਾ ਸੀ, ਅੱਜ ਉਹ ਸੂਬਾ, ਵਿਸ਼ੇਸ਼ ਕਰਕੇ ਆਦੀਵਾਸੀ 'ਕੁੱਕੀ' ਕਬੀਲਾ ਵਾਲਾ ਹਿੱਸਾ ਬੁਰੀ ਤਰ੍ਹਾਂ ਅਗਜ਼ਨੀ (ਅੱਗ ਨਾਲ ਝੁਲਸਿਆ ਜਾ ਰਿਹਾ ਹੈ), ਘਰ, ਝੌਂਪੜੀਆਂ ਦੀ ਤਬਾਹੀ ਕੀਤੀ ਜਾ ਚੁੱਕੀ ਤੇ ਕੀਤੀ ਜਾ ਰਹੀ ਹੈ। ਮਨੀਪੁਰ ਦੀ 64 ਫੀਸਦੀ ਆਬਾਦੀ ਹਿੰਦੂ ਹੈ, ਜਿਸ ਨੂੰ 'ਮੇਤੇ/ਮੇਤਈ' ਆਖਦੇ ਹਨ। ਕਿਉਂਕਿ ਉਨ੍ਹਾਂ ਦੀ ਬਹੁਗਿਣਤੀ ਹੈ, ਸੋ ਉਨ੍ਹਾਂ ਦੀ ਅਸੈਂਬਲੀ ਵਿਚ ਭਾਰੀ ਬਹੁਗਿਣਤੀ ਹੈ। ਸੋ ਅਸੈਂਬਲੀ ਦੇ 60 ਐੱਮ.ਐੱਲ.ਏਜ਼ ਵਿਚੋਂ 40 ਵਿਧਾਇਕ 'ਮੇਤਈ' ਹਨ। ਮਨੀਪੁਰ ਵਿਚ ਕੁੱਕੀ ਤੇ ਨਾਗਾ ਆਦੀਵਾਸੀ ਰਹਿੰਦੇ ਹਨ।ਪਰ 'ਮੇਤੇਈ' ਹਿੰਦੂ ਕਮਿਊਨਿਟੀ ਆਦੀਵਾਸੀਆਂ ਤੋਂ ਜ਼ਿਆਦਾ ਵਿਕਾਸ ਕਰ ਚੁੱਕੇ ਹਨ ਅਤੇ ਉਨ੍ਹਾਂ ਦਾ ਸੱਭਿਆਚਾਰ ਆਦਿ ਵਿਕਸਿਤ ਹੈ। ਉਹ ਵਿੱਦਿਆ ਵਿਚ ਕਾਫੀ ਅੱਗੇ ਹਨ। ਮਨੀਪੁਰ ਰਾਜੇ ਦੀ ਸਟੇਟ ਸੀ ਅਤੇ 1891 ਵਿਚ ਐਂਗਲੋ ਮਨੀਪੁਰ ਜੰਗ ਵਿਚ ਅੰਗਰੇਜ਼ ਜਿੱਤ ਗਏ ਅਤੇ ਅੰਗਰੇਜ਼ੀ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ। ਮਨੀਪੁਰ ਵਿਚ ਹੀ (ਦੂਜੀ ਸੰਸਰ ਜੰਗ ਸਮੇਂ) ਜਾਪਾਨੀਆਂ ਤੇ ਇਤਿਹਾਦੀ (ਐਲਾਈਡ) ਫੌਜਾਂ ਦੀਆਂ ਲੜਾਈਆਂ ਹੋਈਆਂ ਸਨ। 1947 ਵਿਚ ਭਾਰਤ ਦੀ ਆਜ਼ਾਦੀ ਸਮੇਂ ਮਨੀਪੁਰ ਦੇ ਮਹਾਰਾਜੇ ਨੇ ਭਾਰਤ ਨਾਲ ਤਖਤ ਨਸ਼ੀਨੀ ਦੇ ਇਖਤਿਆਰ ਪੱਤਰ (ਦਸਤਾਵੇਜ਼) (Instrument of accession) ਵਿਚ ਭਾਰਤ ਨੂੰ ਮਨੀਪੁਰ ਦੀ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਆਵਾਜਾਈ ਤੇ ਸੰਚਾਰ ਦਿੱਤੇ ਸਨ ਅਤੇ ਮਨੀਪੁਰ ਲਈ ਉਸ ਦਾ ਆਪਣਾ ਵਿਧਾਨ ਬਣਾਇਆ ਗਿਆ ਤੇ ਭਾਰਤ ਨੇ ਸਵੀਕਾਰ ਕੀਤਾ, ਜਿਸ ਨੂੰ ''ਮਨੀਪੁਰ ਸਟੇਟ ਕੁਨਸ-ਟੀ-ਚਿਊਸ਼ਨ ਐਕਟ 1947'' ਕਿਹਾ ਜਾਂਦਾ ਸੀ। ਪਰ ਇਸ ਬਾਰੇ ਬਾਹਰ ਸਰਕਾਰਾਂ ਤੋਂ ਬਿਨਾਂ ਬਾਕੀ ਲੋਕਾਂ ਨੂੰ ਪਤਾ ਨਹੀਂ ਸੀ, ਕਿਉਂਕਿ ਇਹ ਛੋਟੀ ਜਿਹੀ ਸਟੇਟ ਦੂਰ ਇਕ ਪਾਸੇ ਹੈ। ਪਰ 21 ਸਤੰਬਰ 1949 ਨੂੰ ਮਹਾਰਾਜੇ ਨੂੰ ਮਜਬੂਰ ਕੀਤਾ ਕਿ ਉਹ ਭਾਰਤ ਵਿਚ ਸ਼ਾਮਲ ਹੋਵੇ ਤੇ ਉਸ ਨੇ ਦਸਤਖਤ ਕਰ ਦਿੱਤੇ ਤੇ 15 ਅਕਤੂਬਰ 1949 ਨੂੰ ਭਾਰਤੀ ਯੂਨੀਅਨ/ਦੇਸ਼ ਦਾ ਹਿੱਸਾ ਬਣ ਗਿਆ। ਪੂਰਨ ਸੂਬਾਈ ਸੱਤਾ (ਫੁੱਲ ਸਟੇਟਹੁੱਡ) 1972 ਵਿਚ ਦਿੱਤੀ ਗਈ। ਸੋ ਵਿਧਾਨ ਅਨੁਸਾਰ ਨਾਗਾ ਤੇ ਕੁੱਕੀ ਕਬੀਲੇ ਆਦੀਵਾਸੀ ਹਨ। ਪਰ ਮੋਦੀ ਸਰਕਾਰ ਪਾੜੋ, ਵੰਡੋ, ਆਪਸੀ ਪਾੜੇ ਤੇ ਨਫਰਤ ਵੱਧਣ ਤੇ ਹਿੰਦੂਤਵੀ ਮੋਦੀ ਸਰਕਾਰ ਆਪਣੀ ਰਾਜਨੀਤੀ ਪੂਰਾ ਲਾਭ ਉਠਾਵੇ। ਵਿਧਾਨ ਬਣਾਉਣ ਸਮੇਂ ਕੇਸਰੀ ਪਰਿਵਾਰ ਤਾਂ ਤਿਰੰਗੇ ਤੇ ਬਣਾਏ ਜਾ ਰਹੇ ਵਿਧਾਨ ਦੇ ਹੱਕ ਵਿਚ ਨਹੀਂ ਸੀ। ਇਹ ਤਾਂ ਮਨੂੰ ਸਿਮਰਿਤੀ ਆਦਿ ਦੀਆਂ ਗੱਲਾਂ ਕਰਦਾ ਸੀ (ਇਸ ਬਾਰੇ ਜੁਦਾ ਵਿਸਤਾਰ ਪੂਰਵਕ ਲਿਖਾਂਗਾ)। ਵਿਧਾਨ ਬਣਾਉਣ ਸਮੇਂ ਉਹ ਵਿਧਾਨ ਅਸੈਂਬਲੀ ਵਿਚ ਭੀ ਬਿੱਪਰੀ ਸੋਚ ਹਾਜ਼ਰ ਸੀ ਤੇ ਉਹ ਸਭ ਲਈ ਬਰਾਬਰੀ, ਆਜ਼ਾਦੀ ਤੇ ਸ਼ਡੀਊਲਡ ਪਛੜੀਆਂ ਜਾਤੀਆਂ ਲਈ ਕੁੱਝ ਰਾਖਵੀਆਂ ਸੀਟਾਂ (ਪੜ੍ਹਾਈ, ਨੌਕਰੀਆਂ ਤੇ ਸੰਸਦਾਂ ਆਦਿ ਵਿਚ) ਰੱਖੀਆਂ। ਆਦੀਵਾਸੀਆਂ ਬਾਰੇ ਕਿ ਉਹ ਭਾਰਤ ਦੇ ਪਹਿਲੇ ਵਸਨੀਕ ਹਨ ਤੇ ਉਨ੍ਹਾਂ ਦੀਆਂ ਜੰਗਲਾਂ, ਵਾਦੀਆਂ, ਪਹਾੜੀ ਜ਼ਮੀਨਾ ਵਿਚ ਰਿਹਾਇਸ਼ਾਂ ਆਦਿ ਦੀ ਪੂਰਨ ਸੁਰੱਖਿਆ ਹੋਵੇ ਕਿ ਉਹ ਜੰਗਲ, ਰਿਹਾਇਸ਼ ਥਾਵਾਂ ਆਦਿ ਉਨ੍ਹਾਂ ਲਈ ਹੀ ਰਹਿਣਗੀਆਂ ਅਤੇ ਗੈਰ ਆਦੀਵਾਸੀ ਉਨ੍ਹਾਂ ਥਾਵਾਂ ਦੀ ਜ਼ਮੀਨ, ਜੰਗਲ ਤੇ ਸਾਧਨਾਂ ਨੂੰ ਖਰੀਦ ਨਹੀਂ ਸਕਦਾ ਅਤੇ ਨਾ ਉਥੇ ਰਹਿ ਸਕਦਾ ਹੈ। ਪਰ ਵਿਧਾਨ ਘੜਨੀ ਅਸੈਂਬਲੀ ਵਿਚ ਸ਼ੈਤਾਨ ਬਿੱਪਰ ਬੜੇ ਢਕੌਂਸਲੇ ਖੜ੍ਹੇ ਕਰਦੇ ਰਹੇ ਤੇ 'ਮੁੰਡਾ' ਕਬੀਲੇ ਦਾ ਉੱਚ ਕੋਟੀ ਦੀ ਬੁੱਧੀ ਵਾਲੇ ਰੌਸ਼ਨ ਦਿਮਾਗ (ਔਰਗੈਨਿਕ ਵਿਦਵਾਨ) ਜੈਪਾਲ ਸਿੰਘ ਆਦੀਵਾਸੀਆਂ ਦੀ ਸੁਰੱਖਿਆ ਲਈ ਬਹੁਤ ਮੁਸ਼ਕਿਲ ਨਾਲ ਕੁੱਝ ਸੁਰੱਖਿਅਤ ਧਾਰਾਵਾਂ ਪੁਆ ਸਕਿਆ ਪਰ ਮਜ਼ੋਰੇਟੇਰੀਆਨਿਜ਼ਮ ਨੇ ਆਪਣੀ ਚੁਸਤੀ ਨਾਲ ਆਦੀਵਾਸੀਆਂ ਦੀ ''ਸ਼ਡੀਊਲਡ ਟਰਾਈਬਜ਼', ਹੋਰ (ਅਦਰ) ਰਵਾਇਤੀ ਰਹਿਣ ਵਾਲੇ ਜੰਗਲ ਵਿਚ ਰਹਿ ਸਕਦੇ ਤੇ ਸਾਂਝ ਜਾਂ ਨਿੱਜੀ ਰਿਹਾਇਸ਼ ਦੇ ਹੱਕ ਆਦਿ ਸੀਮਤ ਢੰਗ ਨਾਲ ਦਿੱਤੇ। ਵਿਧਾਨ ਦੀਆਂ 366 (25), 342, 371 ਆਦਿ ਧਾਰਾਵਾਂ ਹਨ। ਪਰ ਉਨ੍ਹਾਂ ਨੂੰ ਖੋਰਾ ਲਾਉਣ ਦੇ ਲੂਪ ਹੋਲਜ਼ ਭੀ ਲੱਭ ਪੈਂਦੇ ਹਨ। ਆਰ.ਐੱਸ.ਐੱਸ. ਤੇ ਬੀ.ਜੇ.ਪੀ. ਨੂੰ ਤਾਂ ਆਦੀਵਾਸੀਆਂ ਤੇ ਸ਼ਡੀਊਲਡ ਟਰਾਈਬਜ਼ ਆਦਿ ਨੂੰ ਥੋੜੇ ਬਹੁਤ ਦਿੱਤੇ ਹੱਕ, ਸੁਰੱਖਿਆ, ਫੁੱਟੀ ਅੱਖ ਨਹੀਂ ਭਾਉਂਦੇ। ਮੋਦੀ ਸਰਕਾਰ ਤਾਂ ਉਨ੍ਹਾਂ ਨੂੰ ਲਗਾਤਾਰ ਖੋਰਾ ਲਾ ਰਹੀ ਹੈ ਅਤੇ ਆਪਣੇ ਕਾਰਪੋਰੇਟਸ ਨੂੰ ਉਥੇ ਦਾਖਲ ਕਰ ਰਹੀ ਹੈ। ਜਿਹੜੇ ਹਿੰਦੂ, ਜਾਤ-ਪਾਤ ਵਾਲੇ ਚੋਲਾ ਖਾਨਦਾਨੀ ਰਾਜੇ ਦੇ ਡੰਡੇ ਨੂੰ ਪਵਿੱਤਰ ਦੱਸਦੇ ਤੇ ਭਾਰਤੀ ਪਾਰਲੀਮੈਂਟ ਵਿਚ ਉਸ ਰਾਜਸ਼ਾਹੀ ਡੰਡੇ ਨੂੰ ਉਥੇ ਰੱਖਣ ਲਈ ਅੱਡੀਆਂ ਭਾਰ ਸਨ (ਤੇ ਡੰਡੌਤਾਂ ਕਰਦੇ ਸਨ, ਕੀ ਉਹ ਆਦੀਵਾਸੀਆਂ, ਗੈਰ ਬਿੱਪਰੀ ਹਿੰਦੂਆਂ ਤੇ ਗਰੀਬਾ ਦੇ ਹੱਕ ਵਿਚ ਹੋ ਸਕਦੇ ਹਨ? ਮੋਦੀ ਸਰਕਾਰ ਮਤੇਈ ਹਿੰਦੂਆਂ ਨੂੰ ਸ਼ਡੀਊਲਡ ਟਰਾਈਬਜ਼ ਦਾ ਦਰਜਾ ਦੇਣ ਲਈ ਤੱਤਪਰ ਹੈ ਅਤੇ ਮਨੀਪੁਰ ਦੀ ਸੂਬਾਈ ਸਰਕਾਰ (ਭਾਰਤ ਦੀਆਂ ਕੁੱਝ ਸੂਬਾਈ ਸਰਕਾਰਾਂ, ਜਿੱਥੇ ਜਾਂ ਜਿਨ੍ਹਾਂ ਇਲਾਕਿਆਂ ਵਿਚ ਆਦੀਵਾਸੀ, ਸ਼ਡੀਊਲਡ ਟਰਾਈਬਜ਼ ਰਹਿੰਦੀਆਂ ਹਨ, ਉਥੇ ਦੀਆਂ ਸਰਕਾਰਾਂ ਇਸ ਤਰ੍ਹਾਂ ਦੀ ਰਜਿਸਟਰੇਸ਼ਨ ਕਰ ਸਕਦੀਆਂ ਹਨ।'' ''ਸ਼ਡੀਊਲਡ ਟਰਾਈਬਜ਼ ਡੀਮਾਂਡ ਕਮੇਟੀ ਔਫ ਮਨੀਪੁਰ'' ਮਤੇਈ ਕਮਿਊਨਿਟੀ ਨੂੰ ਸ਼ਡੀਊਲਡ ਟਰਾਈਬ ਦਾ ਦਰਜ਼ਾ ਦੇਣ ਦੀ ਮੰਗ ਕਰ ਰਹੀ ਹੈ। ਮੋਦੀ ਤਾਂ ਇਸ ਗੱਲ ਦੇ ਹੱਕ ਵਿਚ ਹੋਵੇਗਾ। ਮਤੇਈ ਹਿੰਦੂ ਕਮਿਊਨਿਟੀ ਨੇ (ਮਤੇਈ ਟਰਾਈਬ ਯੂਨੀਅਨ) ਮਨੀਪੁਰ ਹਾਈਕੋਰਟ ਵਿਚ ਅਰਜ਼ੀ ਦਿੱਤੀ ਸੀ ਕਿ 1949 ਤੋਂ ਪਹਿਲਾਂ ਮਨੀਪੁਰ ਦੇ ਰਾਜੇ ਨੇ ਉਨ੍ਹਾਂ ਨੂੰ ਟਰਾਈਬ ਮੰਨਿਆ ਹੋਇਆ ਸੀ ਤੇ ਭਾਰਤ ਵਿਚ ਸ਼ਾਮਲ ਹੋਣ ਨਾਲ ਉਨ੍ਹਾਂ ਦਾ ਦਰਜਾ ਖਤਮ ਹੋ ਗਿਆ। ਕਿਉਂਕਿ ਉਹ ਆਦੀਵਾਸੀਆਂ ਦੀ ਤਰ੍ਹਾਂ ਟਰਾਈਬ ਨਹੀਂ ਸਨ। ਕੋਰਟ ਵਿਚ ਕਈ ਕਿਸਮ ਦੇ ਬਹਾਨੇ ਪੇਸ਼ ਕੀਤੇ ਜਾਂਦੇ ਹਨ, ਜਿਵੇਂ ਮੋਦੀ ਸਰਕਾਰ ਭਾਰਤੀ ਈ.ਡੀ. ਦੇ ਡਾਇਰੈਕਟਰ ਸੰਜੇ ਕੁਮਾਰ ਮਿਸ਼ਰਾ ਨੂੰ ਹੋਰ ਕੁੱਝ ਸਮੇਂ ਦੀ ਨੌਕਰੀ ਲਈ ਮਿਆਦ (ਨੌਕਰੀ ਸਮਾਂ ਵਧਾਉਣ) ਲਈ ਕਈ ਬਹਾਨੇ ਤੇ ਦਲੀਲਾਂ ਦੇ ਰਹੇ ਹਨ। ਪਰ ਸੁਪਰੀਮ ਕੋਰਟ ਨੇ ਪੁੱਛਿਆ ਕਿ ਸਿਰਫ ਇਹ ਹੀ ਇੱਕੋ ਐਸਾ ਵਿਅਕਤੀ ਹੈ, ਜੋ ਵਧੀਆ ਕੰਮ ਚਲਾ ਸਕਦਾ ਹੈ ਅਤੇ ਕੀ ਬਾਕੀ ਦੇ ਅਫਸਰ ਤੇ ਹੋਰ ਕੋਈ ਕਰਮਚਾਰੀ ਇਸ ਵਾਲਾ ਕਾਰਜ ਨਹੀਂ ਕਰ ਸਕਦਾ? ਉਨ੍ਹਾਂ ਨੂੰ ਪੁੱਛੇ ਕਿ ਜਦੋਂ ਭੀ ਉਹ ਨੌਕਰੀ ਮੁਕਤ ਹੋਇਆ, ਤਾਂ ਕੀ ਫਿਰ ਉਹ ਮਹਿਕਮਾ ਅਸਫਲ ਹੋ ਜਾਵੇਗਾ? ਕੀ ਅਸਲ ਗੱਲਾਂ ਇਹ ਹੈ ਕਿ ਉਹ ਸਰਕਾਰ ਅਨੁਸਾਰੀ ਚੱਲਦਾ ਹੈ? ਸੋ ਮਤੇਈ ਨੂੰ ਸ਼ਡੀਊਲਡ ਟਰਾਈਬ ਬਣਾਉਣ ਲਈ ਭੀ ਦਲੀਲ ਘੜੀ ਜਾ ਸਕਦੀ ਹੈ। ਹੁਣ ਮਨੀਪੁਰ ਦੀ ਹਾਈਕੋਰਟ ਨੇ 19 ਅਪ੍ਰੈਲ ਨੂੰ ਡਾਇਕਿਟਵਿਜ਼ ਦੇ ਦਿੱਤੇ, ਤਾਂ ਮਨੀਪੁਰ ਦੇ ਸਭ ਟਰਾਈਬਲ ਵਿਦਿਆਰਥੀਆਂ ਦੀ ਯੂਨੀਅਨ ਨੇ ਇਸ ਵਿਰੁੱਧ ਟਰਾਈਬਲ ਇਕਮੁੱਠਤਾ ਮਾਰਚ ਦਾ ਐਲਾਨ ਕਰ ਦਿੱਤਾ। ਸਭ ਵਿਦਿਆਰਥੀ ਤੇ ਅਸਲੀ ਆਦੀਵਾਸੀ ਮਤੇਈ ਕਮਿਊਨਿਟੀ ਨੂੰ ਸ਼ਡੀਊਲਡ ਟਰਾਈਬ ਦਾ ਦਰਜਾ ਦੇਣ ਦੇ ਵਿਰੁੱਧ ਹਨ, ਕਿਉਂਕਿ ਉਸ ਦਰਜੇ ਨਾਲ ਤਾਂ ਮਤੇਈ ਹਿੰਦੂ ਆਦੀਵਾਸੀਆਂ ਦੀਆਂ ਜ਼ਮੀਨਾਂ ਅਤੇ ਜੰਗਲਾਂ ਵਿਚ ਹਿੱਸੇਦਾਰ ਬਣ ਜਾਣਗੇ ਤੇ ਉਨ੍ਹਾਂ ਦੀ ਆਰਥਿਕ ਹਾਲਤ ਨੂੰ ਧੱਕਾ ਵੱਜੇਗਾ। ਫਿਰ ਉਨ੍ਹਾਂ ਦੀਆਂ ਰਾਖਵੇਂ ਹਿੱਸੇ ਦੀਆਂ ਨਟੌਕਰੀਆਂ ਤੇ ਹੋਰ ਸਹੂਲਤਾਂ ਵਿਚੋਂ ਭੀ ਹਿੱਸਾ ਲੈਣਗੇ। ਇਹ 64 ਫੀਸਦੀ ਮਤੇਈ ਆਬਾਦੀ ਤਾਂ ਛੋਟੀ ਜਿਹੀ ਕੁੱਕੀ ਦੇ ਉੱਤੇ ਤਾਂ ਉਨ੍ਹਾਂ ਪੱਖਾਂ ਵਿਚ ਭੀ ਭਾਰੂ ਹੋ ਜਾਵੇਗੀ। ਸੁਪਰੀਮ ਕੋਰਟ ਦੀ ਰਾਏ ਭੀ ਹੈ ਕਿ ਮਨੀਪੁਰ ਦੇ ਸੰਕਟ ਦਾ ਕਾਰਨ ''ਇਨਸਾਨੀ ਸਮੱਸਿਆ'' ਹੈ ਅਤੇ ਸੁਪਰੀਮ ਕੋਰਟ ਨੇ ਜੀਵਨ ਤੇ ਪ੍ਰਾਪਰਟੀ (ਜਾਇਦਾਦ, ਜ਼ਮੀਨ ਆਦਿ) ਆਦਿ ਵਿਚ ਘਾਟਾ ਪੈਣ ਦੀ ਫਿਕਰਮੰਦੀ ਹੈ। ਸੁਪਰੀਮ ਕੋਰਟ ਨੇ ਇਹ ਭੀ ਕਿਹਾ ਕਿ ਤੇ ਨੋਟ ਕੀਤਾ ਹੈ ਕਿ ਕਿਸੇ ਕਮਿਊਨਿਟੀ ਨੂੰ ਸ਼ਡੀਊਲਡ ਕਾਸਟ ਜਾਂ ਸ਼ਡੀਊਲਡ ਟਰਾਈਬ ਦਾ ਦਰਜਾ ਦੇਣ ਦਾ ਹੱਕ ਰਾਸ਼ਟਰਪਤੀ ਪਾਸ ਹੈ, ਹਾਈਕੋਰਟ ਪਾਸ ਨਹੀਂ; ਸੁਪਰੀਮ ਕੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹਾਈਕੋਰਟ ਇਹੋ ਜਿਹਾ ਕੋਈ ਦਰਜਾ ਨਹੀਂ ਦੇ ਸਕਦੀ। ਪਰ ਭਾਰਤ ਦਾ ਹੋਮ ਮੰਤਰੀ ਇਹ ਆਖ ਰਿਹਾ ਹੈ ਕਿ ਉਹ ਹਾਈਕੋਰਟ ਦੇ ਆਰਡਰ ਦੀ ਸਟੱਡੀ ਕਰੇਗਾ ਤੇ ਸਾਰੀਆਂ ਸੰਬੰਧਤ ਧਿਰਾਂ ਨਾਲ ਇਸ ਸੰਬੰਧੀ ਵਿਚਾਰ-ਵਟਾਂਦਰਾ ਕਰੇਗਾ ਤੇ ਸਲਾਹ-ਮਸ਼ਵਰੇ ਪਿੱਛੋਂ ਯੋਗ ਫੈਸਲਾ ਕੀਤਾ ਜਾਵੇਗਾ। ਹੋਮ ਮੰਤਰੀ ਦੀ ਇਹ ਗੱਲ ਹੀ ਗਲਤ ਹੈ। ਕੀ ਇਹ ਗਲਤ ਗੱਲ ਨੂੰ (ਹਾਈਕੋਰਟ ਦੇ ਔਰਡਰ) ਬੜਾਵਾ ਦੇਣਾ ਨਹੀਂ? ਅਤੇ ਕੀ ਇਹ ਮਤੇਈ ਹਿੰਦੂ ਬਹੁਗਿਣਤੀ ਦਾ ਪੱਖ ਪੂਰਨ ਵਾਲੀ ਤੇ ਦੋਹਾਂ ਧਿਰਾਂ 'ਚ ਪਾੜਾ ਪਾਉਣ ਵਾਲੀ ਸੋਚ ਨਹੀਂ? ਜਦ ਸੁਪਰੀਮ ਕੋਰਟ ਨੇ ਸਪੱਸ਼ਟ ਆਖ ਦਿੱਤਾ ਹੈ ਕਿ ਹਾਈਕੋਰਟ ਅਜਿਹਾ ਫੈਸਲਾ, ਆਰਡਰ ਨਹੀਂ ਕਰ/ਦੇ ਸਕਦੀ। ਸੋ ਆਦੀਵਾਸੀ ਵਿਦਿਆਰਥੀਆਂ ਵੱਲੋਂ ਉਸ ਮਤੇਈ ਨੂੰ ਸ਼ਡੀਊਲਡ ਟਰਾਈਬ ਦਰਜੇ ਬਾਰੇ ਮੁਜ਼ਾਹਰੇ ਦੇ ਸਿੱਟੇ ਵਜੋਂ ਟਕਰਾਓ ਤੇ ਹਿੰਸਾ ਭੜਕੀ। ਜਦੋਂ ਹਿੰਸਾ




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ — ਪੰਥ ਕੀ ਜੀਤ

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

www.akalisinghgurdwara.ca

30 ਨਵੰਬਰ, ਦਿਨ ਵੀਰਵਾਰ........ਸ਼ਾਮ 4:30 ਵਜੇ ਸਵ. ਬੀਬੀ ਸੁਰਜੀਤ ਕੌਰ ਚੀਮਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

3 ਦਸੰਬਰ, ਦਿਨ ਐਤਵਾਰ.........ਸਵੇਰ ਨੂੰ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

9 ਦਸੰਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਨਿਰਮਲ ਸਿੰਘ ਬੱਲ ਅਤੇ ਪਰਿਵਾਰ ਵਲੋਂ ਹੋਵੇਗੀ।

9 ਦਸੰਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਹਰੀ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।

10 ਦਸੰਬਰ, ਦਿਨ ਐਤਵਾਰ........ਸਵੇਰ ਨੂੰ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਇੰਦਰਾ ਗਾਂਧੀ ਨੂੰ ਪੰਜਾਬ ਵਿਧਾਨ ਸਭਾ ‘ਚ ਅਕਾਲੀਆਂ ਵੱਲੋਂ ਦਿੱਤੀ ਸ਼ਰਧਾਂਜਲੀ ਦਾ ਪਾਪ ਕਦੋਂ ਧੋਵਾਂਗੇ?

***ਜਸਪਾਲ ਸਿੰਘ ਹੇਰਾਂ**

ਸਿੱਖ ਕੌਮ ਲਈ ਅਜੀਬ ਸਥਿਤੀ ਬਣੀ ਪਈ ਹੈ। ਇੱਕ ਪਾਸੇ ਕੌਮ ਦੇ ਗੀਦੀਪੁਣੇ ਦਾ ਕਾਲਾ ਧੱਬਾ ਲੱਗਦਾ ਹੈ ਅਤੇ ਦੂਜੇ ਪਾਸੇ ਇੱਕ ਸਿੱਖ, ਸੂਰਮੇ ਦੀ ਵੰਗਾਰ, ਕੌਮ ਨੂੰ ਸਿਰ ਉੱਚਾ ਕਰਨ ਦਾ ਮਾਣ ਬਖ਼ਸਦੀ ਹੈ। ਸੁਰਜੀਤ ਬਰਨਾਲਾ ਨੇ 1985 ਦੇ ਰਾਜੀਵ- ਲੌਂਗੋਵਾਲ ਸਮਝੌਤੇ ਤੋਂ ਬਾਅਦ 74 ਅਕਾਲੀ ਵਿਧਾਇਕਾਂ ਨਾਲ ਆਪਣੀ ਸਰਕਾਰ ਬਣਾਈ। ਇਹ ਸਰਕਾਰ ਸਤੰਬਰ 1984 ‘ਚ ਬਣੀ ਸੀ। ਅਸਲ ‘ਚੋਂ ਇਹ ਸਰਕਾਰ ਕੇਂਦਰ ਸਰਕਾਰ ਦੀ ਹੱਥਠੋਕਾ ਸਰਕਾਰ ਸੀ। ਪ੍ਰੰਤੂ ਇਹ ਦਿੱਲੀ ਅੱਗੇ ਐਨੀ ਲੰਮੀ ਪੈ ਜਾਵੇਗੀ, ਸ਼ਾਇਦ ਕਿਸੇ ਨੂੰ ਅਹਿਸਾਸ ਨਹੀਂ ਸੀ ਹੋਇਆ।ਬਰਨਾਲਾ ਨੇ ਵਿਧਾਨ ਸਭਾ ਦੇ ਪਲੇਠੇ ਇਜਲਾਸ ‘ਚ ਇੰਦਰਾ ਗਾਂਧੀ ਨੂੰ ਸਰਧਾਂਜਲੀ ਭੇਂਟ ਕਰ ਦਿੱਤੀ। ਵਿਧਾਨ ਸਭਾ ‘ਚ ਬੈਠੇ ਸਾਰੇ ਅਕਾਲੀ ਮੰਤਰੀਆਂ ਤੇ ਵਿਧਾਇਕਾਂ ਨੂੰ ਜਿਵੇਂ ਸੱਪ ਸੁੰਘ ਗਿਆ। ਸਾਰਿਆਂ ਨੇ ਚੁੱਪ-ਚਾਪ ਆਪਣੀ ਮੂਕ ਸਹਿਮਤੀ ਦੇ



ਦਿੱਤੀ। ਹੈਰਾਨੀ ਤਾਂ ਇਸ ਗੱਲ੍ਹ ਦੀ ਸੀ ਕਿ ਸਿੱਖਾਂ ਦੀ ਕਾਤਲ ਇੰਦਰਾ ਗਾਂਧੀ ਨੂੰ ਸਰਧਾਂਜਲੀ ਤਾਂ ਦੇ ਦਿੱਤੀ ਪ੍ਰੰਤੂ 1984 ਦੇ ਸਿੱਖ ਕਤਲੇਆਮ ‘ਚ ਹਿੰਦੂਤਵੀ ਭੀੜਾਂ ਵੱਲੋਂ ਸਰਕਾਰ ਦੇ ਇਸ਼ਾਰੇ ਤੇ ਦਹਿਸ਼ਤਗਾਰਦੀ ਦਾ ਨੰਗਾ ਨਾਚ ਕਰਦਿਆ ਹਜ਼ਾਰਾਂ ਸਿੱਖ ਨੂੰ ਸ਼ਹੀਦ ਕਰ ਦਿੱਤਾ ਗਿਆ। ਧੀਆਂ-ਭੈਣਾਂ ਦੀ ਬੇਪਤੀ ਹੋਈ, ਸਿੱਖਾਂ ਦੇ ਗਲਾਂ ‘ਚ ਟਾਇਰ ਪਾਕੇ ਸਾੜਿਆ ਗਿਆ।ਨਿੱਕੇ-ਨਿੱਕੇ ਮਾਸੂਮ ਬੱਚਿਆਂ ਨੂੰ ਜਿਊਂਦੇ ਅੰਗ ‘ਚ ਸਾੜਿਆ ਗਿਆ।ਸਿੱਖਾਂ ਦੀ ਜਾਇਦਾਦ ਦੀ ਸਾੜ-ਫੂਕ ਦੀ ਤਾਂ ਕੀ ਗੱਲ ਕਰਨੀ ਸੀ, ਬਰਨਾਲੇ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ 1-2 ਮਿੰਟ ਦਾ ਮੋਨ ਧਾਰਕੇ ਵਿਧਾਨ ਸਭਾ ‘ਚ ਸਰਧਾਂਜਲੀ ਵੀ ਨਾ ਦਿੱਤੀ।ਜੱਥੇਦਾਰ ਉਜਾਗਰ ਸਿੰਘ ਸੇਖਵਾ ਨੇ ਵਿਧਾਨ ਸਭਾ ਚ ਗੱਜਵੱਜ ਕੇ ਮੰਗ ਕੀਤੀ ਕਿ ਅਸੈਂਬਲੀ ਚ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਵਾਲੇ ਅਕਾਲੀ ਕੌਮ ਦੇ ਗ਼ਦਾਰ ਹਨ।ਇਹ ਸਾਰੇ ਅਕਾਲ ਤਖ਼ਤ ਸਾਹਿਬ ਤੇ ਤਲਬ ਕੀਤੇ ਜਾਣੇ ਚਾਹੀਦੇ ਹਨ। ਜਿੱਥੇ ਸਾਡੇ ਆਗੂਆਂ ਨੇ ਵਿਧਾਨ ਸਭਾ ‘ਚ ਸਿੱਖਾਂ ਦੀ ਕਾਤਲ ਇੰਦਰਾ ਗਾਂਧੀ ਨੂੰ ਸਿਰ ਸੁੱਟਕੇ, ਜ਼ਮੀਰ ਮਾਰਕੇ ਸਰਧਾਂਜਲੀ ਦਿੱਤੀ, ਉਥੇ ਇੱਕ ਸਿੱਖ ਵਿਧਾਇਕ ਨੇ ਸਰਧਾਂਜਲੀ ਦੇਣ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨ ਦੀ ਮੰਗ ਕਰਕੇ, ਕੌਮ ਦਾ ਸਵੈਮਾਣ ਬਹਾਲ ਰੱਖਿਆ ਸਾਡੀ, ਕੌਮੀ ਤ੍ਰਾਸਦੀ ਇਹੋ ਰਹੀ ਹੈ ਕਿ ਅਸੀਂ ਆਪਣੇ ਕੱਟੜ ਦੁਸ਼ਮਣ ਦੀ ਹਾਲੇ ਤੱਕ ਦੀ ਨਿਸ਼ਾਨਦੇਹੀ ਨਹੀਂ ਕਰ ਸਕੇ।ਜੇ ਨਿਸ਼ਾਨ ਦੇਹੀ ਕਰ ਵੀ ਲਈ ਤਾਂ ਆਪਣੀ ਚੌਧਰ ਬਚਾਉਣ ਦੇ ਚੱਕਰ ‘ਚ ਸੱਚ ਬੋਲਣ ਦੀ ਜ਼ੁਰੱਅਤ ਨਹੀਂ ਕਰਦੇ। ਇੱਕ ਮੁੱਖ ਮੰਤਰੀ ਦੀ ਕੁਰਸੀ ਬਦਲੇ, ਬਰਨਾਲੇ ਨੇ ਸਿੱਖੀ ਸਿਧਾਤਾਂ ਨੂੰ ਇੱਕ ਸੈਕਿੰਡ ‘ਚ ਖੂਹ ਖਾਤੇ ਪਾ ਦਿੱਤਾ। ਕੀ ਉਸਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਹਸ਼ਰ ਦਾ ਪਹਿਲਾ ਗਿਆਨ ਨਹੀਂ ਸੀ ਚਾਹੀਦਾ ਤਾਂ ਇਹ ਸੀ ਕਿ ਅਕਾਲੀ ਦਲ ਕੋਲ 74 ਵਿਧਾਇਕਾਂ ਦੀ ਭਾਰੀ ਬਹੁਮੱਤ ਸੀ, ਉਲਟਾ ਉਹ ਇੰਦਰਾ ਗਾਂਧੀ ਦੇ ਕਾਰੇ ਵਿਰੁੱਧ ਮਤਾ ਪਾਸ ਕਰਕੇ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਨੰਗਾ ਕਰਨ ਲਈ ਇੱਕ ਸਾਂਝੀ ਕਮੇਟੀ ਹੀ ਬਣਾ ਦਿੰਦਾ। ਜੂਨ 1984 ਦੇ ਸਾਕਾ ਦਰਬਾਰ ਸਾਹਿਬ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਨਿਖੇਧੀ ਕੀਤੀ ਜਾਂਦੀ।ਇੱਕ ਅਕਾਲੀ ਅਖਵਾਉਂਦੀ ਸਰਕਾਰ ਵੱਲੋਂ ਵਿਧਾਨ ਸਭਾ ‘ਚ ਇੰਦਰਾ ਗਾਂਧੀ ਨੂੰ ਸਰਧਾਂਜਲੀ ਦੇਣੀ, ਇਤਿਹਾਸ ਦਾ ਹਿੱਸਾ ਬਣ ਗਈ ਹੈ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸਨੂੰ ਪੜ੍ਹਕੇ ਜਾਂ ਤਾਂ ਸਾਡੇ ਤੇ ਥੁੱਕਣਗੀਆਂ ਜਾਂ ਫ਼ਿਰ ਦੁਬਿਧਾ ਦਾ ਸ਼ਿਕਾਰ ਹੋਣਗੀਆਂ ਕਿ ਇੰਦਰਾ ਗਾਂਧੀ ਸਾਕਾ ਦਰਬਾਰ ਸਾਹਿਬ ਦੀ ਮੁੱਖ ਦੋਸ਼ੀ ਸੀ ਜਾਂ ਨਹੀਂ।

38 ਵਰ੍ਹੇ ਹੋ ਗਏ ਇਸ ਮਤੇ ਦੀ ਨਾ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨੇ ਨਿਖੇਧੀ ਕੀਤੀ ਹੈ ਨਾ ਹੀ ਸ਼੍ਰੋਮਣੀ ਕਮੇਟੀ ਨੇ। ਕੀ ਸਿੱਖਾਂ ਦੀ ਚੁੱਪ ਨੂੰ ਉਨਾਂ ਦੀ ਸਹਿਮਤੀ ਨੂੰ ਵੀ ਤਵਜੋਂ ਨਹੀਂ ਦਿੰਦੇ ਅਤੇ ਨਾ ਹੀ ਅਸੀਂ ਆਉਣ ਵਾਲੇ ਸਮੇਂ ਦੀ ਪ੍ਰਵਾਹ ਕਰਦੇ ਹਾਂ।ਬਰਨਾਲੇ ਤੋਂ ਬਾਅਦ ਬਾਦਲ ਦਲ ਵਾਲਿਆਂ ਦੀ ਤਿੰਨ ਵਾਰ ਸਰਕਾਰ ਰਹਿ ਚੁੱਕੀ ਹੈ, ਪ੍ਰੰਤੂ ਕਿਸੇ ਨੂੰ ਕੌਮ ਦਾ ਸਿਰ ਨੀਵਾਂ ਹੋਣ ਦੀ ਕੀ ਪ੍ਰਵਾਹ? ਅੱਜ ਸਮਾਂ ਬਦਲ ਚੁੱਕਾ ਹੈ, ਤੁਹਾਡਾ ਭੂਤ, ਵਰਤਮਾਨ ਤੇ ਭਵਿੱਖ ਸਿੱਖ ਸੰਗਤਾਂ ਦੇ ਨਿਸ਼ਾਨੇ ਤੇ ਹੈ। ਉਹ ਬਾਖ਼ੂਬੀ ਤੁਹਾਡੀ ਮਾੜੀ ਨੀਅਤ ਦਾ ਅੰਦਾਜ਼ਾ ਲਾ ਲੈਂਦੇ ਹਨ।ਇਸ ਮਹਾਂਗ਼ਦਾਰੀ ਦਾ ਪਸ਼ਚਾਤਾਪ ਜ਼ਰੂਰ ਕੀਤਾ ਜਾਵੇ।

---

ਭੜਕ ਉੱਠੀ, ਤਾਂ ਫਿਰ ਹੋਮ ਮੰਤਰੀ ਤੇ ਪ੍ਰਧਾਨ ਮੰਤਰੀ, ਇਕਦਮ ਮਨੀਪੁਰ ਕਿਉਂ ਨਹੀਂ ਗਏ? ਖਬਰਾਂ ਹਨਕਿ 3 ਮਈ ਤੋਂ ਹਿੰਸਾ ਆਰੰਭ ਹੋਈ ਤੇ ਉਸ ਤੋਂ ਪਿੱਛੋਂ ਦਾ ਵਹਿਸ਼ੀਪੁਣੇ ਦਾ ਨੰਗਾ ਨਾਚ ਹੋਣਾ ਆਰੰਭ ਹੋ ਗਿਆ। ਛੇ ਹਜ਼ਾਰ ਸਰਕਾਰੀ ਕਿਸਮ ਦੀਆਂ ਮਸ਼ੀਨ ਗੰਨਜ਼ ਅਤੇ ਕੋਈ ਸੱਠ ਹਜ਼ਾਰ ਕਾਰਤੂਸ ਲੁੱਟੇ ਗਏ। ਸੁਣਿਆ ਹੈ ਕਿ ਉਹ ਹਜ਼ਾਰਾਂ ਹਥਿਆਰ ਤਾਂ ਮਤੇਈ ਕਮਿਊਨਿਟੀ ਨੇ ਲੁੱਟੇ। ਸੁਣਿਆ ਹੈ ਗੋਲੀਆਂ ਦਾ ਵੱਡਾ ਭੰਡਾਰ ਭੀ ਵੱਡੀ ਕਮਿਊਨਿਟੀ ਨੇ ਲੁੱਟਿਆ। ਫਿਰ ਘਰਾਂ, ਇਮਾਰਤਾਂ ਦੀ ਸਾੜ-ਫੂਕ ਹੋਈ। ਅੰਨ੍ਹੇਵਾਹ ਕਤਲੇਆਮ ਹੋਇਆ। ਇਸ ਦੇ ਨਾਲ ਹੀ ਨੌਜਵਾਨ ਬੱਚੀਆਂ ਤੇ ਵੱਡੀ ਉਮਰ ਦੀਆਂ ਔਰਤਾਂ ਨੂੰ ਸ਼ਰੇਆਮ ਨੰਗਿਆਂ ਕਰਕੇ, ਉਨ੍ਹਾਂ ਦੇ ਗੁਪਤ ਅੰਗਾਂ ਨਾਲ ਛੇੜਛਾੜ ਕਰਦੇ ਹੋਏ ਸੜਕਾਂ ਤੇ ਰਾਹਾਂ ਵਿਚ ਘੁਮਾਉਂਦੇ ਰਹੇ, ਫਿਰ ਪਸ਼ੂ ਬਿਰਤੀ ਵਾਲੇ ਦੈਂਤਾਂ ਨੇ ਔਰਤਾਂ ਦਾ ਸਮੂਹਿਕ ਬਲਾਤਕਾਰ ਕੀਤਾ ਤੇ ਦੋ-ਢਾਈ ਮਹੀਨੇ ਹੈਵਾਨੀਅਤ ਦੇ ਨਾਅਰੇ ਲੱਗਦੇ ਰਹੇ। ਔਰਤਾਂ ਦੇ ਖੁੱਲ੍ਹੇਆਮ ਬਲਾਤਕਾਰ ਹੁੰਦੇ ਰਹੇ ਅਤੇ ਮਰੀਆਂ ਹੋਈਆਂ ਜ਼ਮੀਰਾਂ ਵਾਲੇ ਵੇਖਦੇ ਰਹੇ ਅਤੇ ਮਨੁੱਖੀ ਲੋਥਾਂ ਚੁੱਪ ਰਹੀਆਂ ਜਾਂ ਆਪੋ-ਆਪਣੇ ਥਾਂ ਪਈਆਂ ਤੇ ਬੈਠੀਆਂ ਰਹੀਆਂ। ਭਾਰਤੀ ਹਾਕਮੀ, ਮੰਤਰੀ ਅਤੇ ਕੀ ਭਾਰਤੀ ਪ੍ਰਧਾਨ ਮੰਤਰੀ ਆਦਿ ਨੂੰ ਦੰਦਲ ਪੈ ਗਈ ਕਿ ਉਹ ਢਾਈ ਮਹੀਨੇ ਇਸ ਮਸਲੇ ’ਤੇ ਬੋਲਿਆ ਹੀ ਨਹੀਂ? ਕਿਉਂ? ਮਨੀਪੁਰ ਦੀ ਗਵਰਨਰ ਨੇ ਬੜਾ ਖੁੱਲ੍ਹ ਕੇ ਜਲ ਰਹੇ ਅਤੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਤੇ ਪ੍ਰਸ਼ਾਸਨ ਦੀ ਨਾਅਹਿਲੀ ਬਾਰੇ ਕੇਂਦਰੀ ਹਾਕਮਾਂ ਨੂੰ ਦੱਸਿਆ ਪਰ ਸੂਬੇ ਦਾ ਮੁੱਖ ਮੰਤਰੀ ਤੇ ਕੇਂਦਰ ਹਾਕਮ ਆਪਣੀ ਖੁਦਗਰਜ਼ੀ ਦੀ ਰਾਜਨੀਤੀ ਵਿਚ ਮਘਨ ਰਹੇ। ਆਮ ਚਰਚਾ ਹੈ ਕਿ ਪੈਰਿਸ ਜਲ ਰਿਹਾ ਸੀ ਪਰ ਬਾਦਸ਼ਾਹ ਨੀਰੋ ਬਾਂਸਰੀ ਵਜਾਉਂਦਾ ਰਿਹਾ। ਭਾਵ ਹੈ ਉਸ ਨੂੰ ਲੋਕ ਹੱਤਿਆਵਾਂ, ਹਿੰਸਾ, ਸਾੜ-ਫੂਕ ਬਾਰੇ ਕੋਈ ਚਿੰਤਾ ਨਹੀਂ ਸੀ। ਇਸ ਹੀ ਤਰ੍ਹਾਂ ਢਾਈ ਮਹੀਨੇ ਮਨੀਪੁਰ ਜਲਦਾ ਤੇ ਢਹਿੰਦਾ ਰਿਹਾ ਅਤੇ ਔਰਤਾਂ ਦੇ ਸਰੀਰਾਂ ਨਾਲ ਪਸ਼ੂਪੁਣੇ ਵਾਲਾ ਵਰਤਾਰਾ ਵਰਤਦਾ ਰਿਹਾ ਅਤੇ ਕੀ ਭਾਰਤੀ ਉੱਚ ਹਾਕਮ ਨੂੰ ਉਸ ਵਹਿਸ਼ੀਪੁਣੇ ਦੀ ਚਿੰਤਾ ਹੀ ਨਹੀਂ ਸੀ? ਕੀ ਇਹ ਪੱਥਰ ਦਿਲੀ ਨਹੀਂ ਜਾਂ ਨਾਗਰਿਕਾਂ ਦੀ ਚਿੰਤਾ ਹੀ ਨਹੀਂ? ਸੁਣਿਆ ਹੈ ਕਿ ਇਕ ਕੁੱਕੀ ਵਿਦਿਆਰਥੀ ਨੇ ਹਾਕਮਾਂ ਬਾਰੇ ਪੋਸਟ ਸਾਂਝੀ ਕੀਤੀ, ਤਾਂ ਉਸ ਨੂੰ ਪੁਲਿਸ ਨੇ ਫੜਿਆ, ਕਚਹਿਰੀ ਪੇਸ਼ ਕੀਤਾ ਤੇ ਫਿਰ ਪੁਲਿਸ ਜੇਲ੍ਹ ਨੂੰ ਲਿਜਾ ਰਹੀ ਸੀ, ਤਾਂ ਅੱਠ ਸੌ ਬੰਦੇ ਦੀ ਬਹੁਗਿਣਤੀ ਆਬਾਦੀ ਦੀ ਭੀੜ ਨੇ ਪੁਲਿਸ ਤੋਂ ਖੋਹ ਕੇ, ਉਸ ਨੂੰ ਕੁੱਟ-ਕੁੱਟ ਮਾਰ ਦਿੱਤਾ। ਇਹ ਭੀ ਚਰਚਾ ਹੈ ਕਿ ਇਕ ਕਾਰਗਿਲ ਦੀ ਜੰਗ ਦਾ ਬਹਾਦਰ ਫੌਜੀ, ਸ਼੍ਰੀਲੰਕਾ ਵਿਚ ਉਥੇ ਦੇ ਲੋਕਾਂ ਨੂੰ ਬਚਾ ਰਿਹਾ ਹੈ। ਪਰ ਉਸ ਦੀ ਪੰਜਾਹ ਸਾਲਾ ਪਤਨੀ ਨੂੰ (ਇਹ ਕੁੱਕੀ ਟਰਾਈਬ ਦੀ ਹੈ) ਮਤੇਈ ਭੀੜ ਨੇ ਚੁੱਕਿਆ, ਨੰਗੀ ਕਰਕੇ ਘੁਮਾਇਆ, ਸਮੂਹਿਕ ਬਲਾਤਕਾਰ ਕੀਤਾ ਤੇ ਮਾਰ ਦਿੱਤੀ। ਉਸ ਨੇ ਨੈੱਟ ’ਤੇ ਲਿਖਿਆ, ਮੈਂ ਕਾਰਗਿਲ ਜਿੱਤਿਆ, ਸ਼੍ਰੀ ਲੰਕਾ ਵਿਚ ਲੋਕਾਂ ਨੂੰ ਬਚਾ ਰਿਹਾ ਹਾਂ, ਪਰ ਮੈਂ ਆਪਣੀ ਪਤਨੀ ਨੂੰ ਬਚਾ ਨਾ ਸਕਿਆ। ਸਿਮਰਿਤੀ ਈਰਾਨੀ ਵਰਗੇ ਮੰਤਰੀ ਲੋਕ ਸਭ, ਰਾਜ ਸਭਾ ਵਿਚ ਭੜਕਦੇ ਹਨ, ਪਰ ਨੌਜਵਾਨ ਪਹਿਲਵਾਨ ਕੁੜੀਆਂ ਬਾਰੇ ਕਿਉਂ ਨਹੀਂ ਭੁੜਕੀ ਤੇ ਅਮਲ ਵਿਚ ਨਾ ਆਈ? ਮਨੀਪੁਰ ਵਿਚ ਇਸਤਰੀਆਂ ਨੂੰ ਨਗਨ ਕਰਕੇ ਪਬਲਿਕ ਵਿਚ ਘੁਮਾਉਣ ਤੇ ਸਮੂਹਿਕ ਬਲਾਤਕਾਰ ਬਾਰੇ ਕਿਉਂ ਮਨੀਪੁਰ ਨਹੀਂ ਗਈ? ਪ੍ਰਧਾਨ ਮੋਦੀ ਤਾਂ ਆਪਣੇ ਵਿਦੇਸ਼ੀ ਦੌਰਿਆਂ ਤੇ ਭਾਰਤ ਦੇ ਸੂਬਿਆਂ ਵਿਚ ਚੋਣਾਂ ਬਾਰੇ ਮਸਰੂਫ ਹੈ। ਇਸ ਤੋਂ ਇਹ ਜਾਪਦਾ ਹੈ ਕਿ ਉਸ ਨੂੰ ਭਾਰਤ ਦੇ ਮਨੀਪੁਰ ਦੇ ਜ਼ਿੰਦਗੀ ਮੌਤ ਦੇ ਅਤੀ ਗੰਭੀਰ ਸੰਕਟ ਦਾ ਕੋਈ ਫਿਰਕ ਨਹੀਂ? ਇਸ ਤੋਂ ਜਾਪਦਾ ਹੈ ਕਿ ਕੀ ਉਹ ਨਿਰਦਈ ਤੇ ਪੱਥਰ ਦਿਲ ਹੈ? ਕੀ ਲੱਛੇਦਾਰ ਭਾਸ਼ਨ ਪਾਖੰਡ ਹਨ? ਢਾਈ ਮਹੀਨੇ ਪਿੱਛੋਂ ਚੁੱਪ ਤੋੜਨ ਸਮੇਂ ਮਨੀਪੁਰ ਵਿਚ ਵਹਿਸ਼ੀਪੁਣੇ ਦੇ ਹਾਲਾਤਾਂ ਲਈ ਸਿਰਫ 36 ਸਕਿੰਟਾਂ ਵਿਚ ਆਖਦਾ ਹੈ, ਮੇਰਾ ਦਿਲ ਪੁਖੀ ਹੈ ਤੇ ਮੈਂ ਗੁੱਸੇ ਵਿਚ ਹਾਂ ਅਤੇ ਉਥੇ ਹਾਲਾਤ ਨੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਕੀ ਉਹ ਮੱਗਰਮੱਛ ਦੇ ਹੰਝੂ ਹਨ? ਸ਼ਰਮਸਾਰ ਤਾਂ ਮੋਦੀ ਨੂੰ ਹੋਣਾ ਚਾਹੀਦਾ ਹੈ, ਜੋ ਢਾਈ ਮਹੀਨੇ ਮਨੀਪੁਰ ਬਾਰੇ ਚੁੱਪ ਰਿਹਾ। ਕੀ ਇਹ ਕਰਮ ਖੰਡਨਯੋਗ ਨਹੀਂ? ਕੀ ਉਸ ਨੂੰ ਆਪਣੀ ਉਸ ਦੇਰੀ ਲਈ ਅਤੇ ਮਨੀਪੁਰ ਨਾ ਜਾਣ ਲਈ ਦੇਸ਼ ਤੇ ਮਨੀਪੁਰ ਤੋਂ ਮੁਆਫੀ ਮੰਗਣੀ ਚਾਹੀਦੀ ਸੀ? ‘‘ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ।।’’ (ਸ.ਗ.ਗ.ਸ. : ਪੰਨਾ - 449)


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਇਸ ਹਫਤੇ ਦੇ ਪ੍ਰੋਗਰਾਮ**



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ ਅਤੇ 30 ਹੋਰ ਸਿੰਘਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ।2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਭਾਈ ਇਕਬਾਲ ਸਿੰਘ ਪਰਿਵਾਰ ਵੱਲੋਂ 2. ਭਾਈ ਨਵਜੋਤ ਸਿੰਘ ਢਿੱਲੋਂ ਪਰਿਵਾਰ ਵੱਲੋਂ
1 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਅਖੰਡਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ ਭੋਗ 3 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਹੋਵੇਗੀ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*2 ਦਸੰਬਰ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਅਮਨਦੀਪ ਸਿੰਘ ਪੁਰੀ ਪਰਿਵਾਰ ਵੱਲੋਂ 2. ਭਾਈ ਸੁਖਰਾਜ ਸਿੰਘ ਪਰਿਵਾਰ ਵੱਲੋਂ 3. ਬੀਬੀ ਸਵਰਨ ਕੌਰ ਦੀ ਯਾਦ ਵਿਚ ਭਾਈ ਵਰਿੰਦਰ ਸਿੰਘ ਪਰਿਵਾਰ ਵੱਲੋਂ
*2 ਦਸੰਬਰ ਦਿਨ ਸ਼ਨਿਚਰਵਾਰ ਸਵ. ਭਾਈ ਸ਼ਿੰਗਾਰਾ ਸਿੰਘ ਸਿੱਧੂ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਸ਼ਾਮ 4 ਵਜੇ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਅੰਤਮ ਅਰਦਾਸ ਹੋਵੇਗੀ।
*2 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਿੰਦਰ ਸਿੰਘ ਕੰਦੋਲਾ ਪਰਿਵਾਰ ਵੱਲੋਂ ਹੋਵੇਗੀ।
*3 ਦਸੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਤੇ ਲੰਗਰ ਦੀ ਸੇਵਾ ਬੀਬੀ ਗੁਰਿੰਦਰ ਕੌਰ ਪਰਿਵਾਰ ਵੱਲੋਂ ਬੇਟੇ ਰਫਤਾਰ ਸਿੰਘ ਗਿੱਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।ਸਹਿਜਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਭਾਈ ਸੰਦੀਪ ਸਿੰਘ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼:ਸਿੰਘ ਸਭਾ ਲਹਿਰ ਦੇ 150 ਸਾਲਾ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਸ੍ਰੀ ਗੁਰੂ ਸਿੰਘ ਸਭਾ ਸਰੀ ਗੁਰੂਘਰ ਵਿਖੇ 2 ਦਸੰਬਰ ਦਿਨ ਸ਼ਨਿਚਰਵਾਰ ਦੁਪਹਿਰ 2 ਵਜੇ ਤੋਂ 4 ਵਜੇ ਤੱਕ ਕਰਵਾਏ ਜਾ ਰਹੇ ਜਿਸ ਵਿਚ ਹੇਠ ਲਿਖੇ ਬੁਲਾਰੇ ਭਾਗ ਲੈਣਗੇ:
1. ਭਾਈ ਗੁਰਸ਼ਰਨ ਸਿੰਘ ਚੀਮਾ ਕਲਾਂ 2. ਪ੍ਰਿੰ. ਭਾਈ ਗੁਰਬਚਨ ਸਿੰਘ ਜੀ ਪੰਨਵਾ

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਗੁਰਬਚਨ ਸਿੰਘ ਪੰਨਵਾ (ਪ੍ਰਿੰਸੀਪਲ) ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਯੋਗਤਾ ਦੀ ਪਰਖ

ਪਰਖਣ ਦੀ ਯੋਗਤਾ ਨਾ ਸੀ ਤਾਂ ਬੰਦੇ ਨੇ ਕੀਮਤੀ ਹੀਰਾ ਵੀ ਗਧੇ ਗਲ ਲਮਕਾ ਦਿੱਤਾ। ਭਾਈ ਮਰਦਾਨਾ ਜੀ ਹੀਰਾ ਲੈ ਕੇ ਹਟੀਓ ਹਟੀ। ਕੋਈ ਦਰਜਨ ਕੇਲਿਆਂ ਦੀ ਕੋਈ ਦੋ ਕਿਲੋ ਗਾਜਰਾਂ ਦਈ ਜਾਵੇ ਪਰ ਜਦ ਸਾਲਸਰਾਇ ਜੌਹਰੀ ਕੋਲੇ ਹੀਰਾ ਗਿਆ ਤਾਂ ਦੇਖਕੇ ਹੀ ਨਿਹਾਲ ਅਤੇ ਸਵਾ ਸੌ ਕੇਵਲ ਦਰਸ਼ਣ ਭੇਟਾ। ਸਵਾ ਸੌ ਓਨਾ ਸਮਿਆ ਦਾ। ਯੋਗਤਾ ਸੀ ਨਾ ਪਰਖਣ ਦੀ। ਮਹਾਰਾਜਾ ਰਣਜੀਤ ਸਿੰਘ ਬਲਕਾਰੀ ਜੋਧਾ। ਕਿਧਰ ਖਹਿਬਰਾਂ ਤਕ ਦੇ ਮੂੰਹ ਭੰਨ ਛਡੇ ਸੂਰਮੇ ਨੇ ਅਤੇ ਵਿਸ਼ਾਲ ਖਾਲਸਾ ਸਲਤਨਤ ਖੜੀ ਕਰ ਗਿਆ ਪਰ ਇਕ ਗਲੇ ਮਾਰ ਖਾ ਗਿਆ। ਪਤਾ ਕੀ?

ਯੋਗਤਾ ਨਾ ਪਰਖ ਸਕਿਆ ਕਿ ਇਸ ਖਾਲਸਾ ਰਾਜ ਦਾ ਅਗਲਾ ਵਾਰਸ ਕੌਣ ਹੋ ਸਕਦਾ।

ਉਸ ਦਾ ਸਲਾਹਕਾਰ ਕੋਈ ਅਕਾਲੀ ਫੂਲਾ ਸਿੰਘ ਵਰਗਾ ਜਾਂ ਹੋਰ ਗੁਰਾਂ ਨੂੰ ਪਰਣਾਇਆ ਸਿਖ ਹੁੰਦਾ ਤਾਂ ਗੁਰਾਂ ਦੇ ਇਤਿਹਾਸ ਦੇ ਝਰੋਖੇ ਵਿਚੋਂ ਉਸ ਨੂੰ ਪਰਖ ਕਰਨੀ ਦਸਦਾ ਤਾਂ ਸ਼ਾਇਦ ਖਾਲਸਾ ਰਾਜ ਬਰਬਾਦ ਹੋਣੋ ਬਚ ਜਾਂਦਾ। ਗੁਰੂ ਨਾਨਕ ਸਾਹਿਬ ਨੇ ਆਵਦੇ ਨਿਆਣੇ ਨਕਾਰ ਕੇ ਯੋਗਤਾ ਦੇਖੀ ਭਾਈ ਲਹਿਣਾ ਜੀ ਵਿਚ। ਗੁਰੂ ਅੰਗਦ ਸਾਹਿਬ ਜੀ ਨੇ ਬਜੁਰਗ ਕੁੜਮ ਯਾਣੀ ਗੁਰੂ ਅਮਰਦਾਸ ਜੀ ਵਿਚੋਂ ਯੋਗਤਾ ਜਾ ਲਭੀ ਅਤੇ ਓਨੀ ਅਗਿਓਂ ਮੋਹਨ ਮੋਹਰੀ ਪਾਸੇ ਕਰਕੇ ਜਵਾਈ ਯਾਣੀ ਗੁਰੂ ਰਾਮਦਾਸ ਜੀ ਨੂੰ ਚੁਣਿਆ। ਰਿਵਾਜ ਮੁਤਾਬਕ ਸਭ ਤੋਂ ਵਡਾ ਨਿਆਣਾ ਵਾਰਸ ਮੰਨਿਆ ਜਾਂਦਾ ਸੀ ਪਰ ਗੁਰੂ ਰਾਮਦਾਸ ਸਾਹਿਬ ਜੀ ਨੇ ਯੋਗਤਾ ਅਨੁਸਾਰ ਚੋਣ ਕੀਤੀ ਸਭ ਤੋਂ ਛੋਟੇ ਗੁਰੂ ਅਰਜਨ ਸਾਹਿਬ ਜੀ ਦੀ। ਗੁਰੂ ਹਰਗੋਬਿੰਦ ਸਾਹਿਬ ਨੇ ਸਭ ਤੋਂ ਵਡੇ ਬੇਟੇ ਬਾਬੇ ਗੁਰਦਿਤੇ ਨੂੰ ਛਡ ਯੋਗਤਾ ਚੁਣੀ ਪੋਤੇ ਗੁਰੂ ਹਰਰਾਇ ਸਾਹਿਬ ਜੀ ਵਿਚ ਅਤੇ ਓਹਨੀ ਅਗਿਓਂ ਰਾਮਰਾਇ ਨੂੰ ਤਾਂ ਮੁਢੋਂ ਹੀ ਨਕਾਰ ਸੁਟਿਆ ਜਿਹੜਾ ਅਜ ਸਤਾ ਦੇ ਪਰਭਾਵ ਹੇਠ ਇਕ ਅਖਰ ਬਦਲ ਸਕਦਾ ਕਲ ਨੂੰ ਕੁਝ ਵੀ ਅਤੇ ਚੋਣ ਕੀਤੀ 9 ਸਾਲ ਦੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ।

ਖਾਲਸਾ ਰਾਜ ਵੇਲੇ ਦੇ ਇਤਿਹਾਸ ਵਿਚਲੇ ਵਰਤਾਰੇ ਤੋਂ ਸਾਬਤ ਹੁੰਦਾ ਕਿ ਯੋਗ ਵਿਅਕਤੀ ਖੜਕ ਸਿੰਘ ਹੈ ਹੀ ਨਹੀ ਸੀ ਅਤੇ ਜੇ ਪਰਿਵਾਰ ਵਿਚੋਂ ਹੀ ਚੁਣਨਾ ਸੀ ਤਾਂ ਯੋਗ ਜਰਨੈਲ ਸੀ ਕੰਵਰ ਨੌਨਿਹਾਲ ਸਿੰਘ। ਬਅਸ ਆਹੀ ਗਲਤੀ ਖਾਲਸਾ ਰਾਜ ਨੂੰ ਲੈ ਬੈਠੀ ਅਤੇ ਮਹਾਰਾਜੇ ਦੀਆਂ ਮਾਰੀਆਂ ਤੇਗਾਂ ਖੁੰਡੀਆਂ ਹੋ ਕੇ ਰਹਿ ਗਈਆਂ।

ਉਸ ਉਪਰੰਤ ਯੋਗ ਬੰਦੇ ਧਕੇ ਨਾਲ ਹੀ ਆਏ ਜਿਹੜੇ ਖੁਦ ਦਿਆਂ ਦੀਆਂ ਗਦਾਰੀਆਂ ਦੀ ਭੇਟ ਚੜ ਗਏ ਨਹੀ ਤਾਂ ਪੰਜਾਬ ਦਾ ਆਹ ਹਾਲ ਨਾ ਹੁੰਦਾ। ਪੰਜਾਬ ਦੇ ਯੋਗਤਾ ਦੀ ਚੋਣ ਕਰ ਸਕਣ ਦੇ ਮੌਕੇ ਹੀ ਖਤਮ ਕਰ ਦਿਤੇ ਗਏ। ਹਿੰਦੂ ਸਾਮਰਾਜ ਹੇਠ ਤਾਂ ਬਿਲਕੁਲ ਹੀ। ਚਿਰਾਂ ਬਾਅਦ ਬਾਬਾ ਜਰਨੈਲ ਸਿੰਘ ਅਪਣੀ ਹਿਕ ਦੇ ਜੋਰ ਉਠਿਆ ਪਰ ਨਵੇਂ ਡੋਗਰਿਆਂ ਫੌਜਾਂ ਸਦ ਸਦ ਮਰਵਾਇਆ ਅਤੇ ਪੰਜਾਬ ਕੋਲੇ ਜੋ ਬਾਕੀ ਬਚਿਆ ਓਹ ਭੰਡ ਅਤੇ ਮਸਖਰੇ। ਪੰਜਾਬ ਨੇ ਮੇਰੇ ਪਿਤਾ ਸਮਾਨ ਬਾਦਲ ਸਾਬ ਵਰਗੇ ਸੁਖੇ ਦੇ ਚੁਟਕਲਿਆਂ ਤੋਂ ਖਹਿੜਾ ਛੁਡਾਓਂਣਾ ਚਾਹਿਆ ਉਨ ਉਸ ਤੋਂ ਵਡਾ ਭੰਡ ਭੰਤਾ ਦੇ ਦਿੱਤਾ। ਮਜੀਠੀਆ ਅਤੇ ਨਵਜੋਤ ਸਿਧੂ ਵਰਗੇ ਭੰਡ ਚੁਟਕਲਿਓ ਚੁਟਕਲੀ ਤੋਂ ਅਗੇ ਗਏ ਹੀ ਨਾ। ਅਰੂਸਾ ਦਾ ਕੈਪਟਨ ਖੁਦ ਹੀ ਚੁਟਕਲਾ ਬਣੀ ਰਿਹਾ। ਪੰਜਾਬ ਵਿਚਲੀ ਪਰਖ ਹੀ ਖਤਮ ਚੁਇਸ ਹੀ ਨਾ ਛਡੀ ਕਿ ਸਾਡੇ ਲਈ ਜੋਗ ਬੰਦਾ ਕਿਹੜਾ ਹੈ। ਸਭ ਭੰਡਾਂ ਮਸਖਰਿਆਂ ਦੇ ਸਾਹਵੇਂ ਪੰਜਾਬ ਰੁੜਦਾ ਗਿਆ ਪਰ ਕਿਸੇ ਰਸਾ ਨਹੀ ਸੁਟਿਆ ਕਿ ਬਚ ਕੇ ਨਿਕਲ ਆਏ।

ਬੁਢੇ ਅਤੇ ਕੁਰੱਪਟ ਕਾਮਰੇਡਾਂ ਦੀ ਭੀੜ ਨੂੰ ਚੀਰ ਕੇ ਦੀਪ ਸਿਧੂ ਨੇ ਸਿਰ ਕਢਿਆ ਸੀ ਅਤੇ ਪੰਜਾਬ ਦੀ ਜਵਾਨੀ ਦਾ ਫਸਲਾਂ ਦੇ ਨਾਲ ਨਸਲਾਂ ਵੰਨੀ ਵੀ ਧਿਆਨ ਜਾਣ ਲਗਿਆ ਸੀ ਪਰ ਸਮੇਤ ਕਾਮਰੇਡਾਂ ਅਤੇ 'ਅਪਣਿਆਂ' ਓਨਾ ਚਿਰ ਸਾਹ ਨਹੀ ਲਿਆ ਜਿੰਨੀ ਦੇਰ ਓਨੀ ਮਾਰ ਨਹੀ ਸੁਟਿਆ ਉਸ ਨੂੰ ਅਤੇ ਮਰੇ ਦੀ ਵੀ ਕਿਰਦਾਰਕੁਸ਼ੀ ਕਰਨੋ ਬਾਜ ਨਹੀ ਆਏ। ਫਿਰ ਭੀੜ ਚੀਰ ਕੇ ਅੰਮ੍ਰਿਤਪਾਲ ਸਿੰਘ ਆਇਆ ਪਰ ਹਾਲ ਓਹੀ। ਮਾਰ ਦਊ ਮਰਵਾ ਦਊ। ਛਡਣੇ ਨਹੀ ਨਿਆਣੇ ਇਸ। ਬਾਕੀਆਂ ਦੀ ਖਾਧੀ ਕੜੀ ਸਾਬਕਾ ਖਾੜਕੂਆਂ ਦਾ ਹੀ ਬੁਰਾ ਹਾਲ ਰਿਹਾ। ਕੁਕੀ ਵਰਗਿਆਂ ਦੀ ਤਾਂ ਝਗ ਹੀ ਮੁਕ ਗਈ ਥੁਕ ਸੁਟ ਸੁਟ। ਸਿਰ ਵਰਤਣ ਵਾਲੇ ਅਡ ਡੌਲਿਆਂ ਨੂੰ ਤੇਲ ਲਾਈ ਫਿਰਦੇ ਰਹੇ। ਹੁਣ ਕੀ ਹੋ ਗਿਆ। ਨਿਆਣੇ ਤਾਂ ਸਾਡੇ ਓਵੇਂ ਈ ਮਰ ਰਹੇ ਨੇ। ਭਈਏ ਘਰੀਂ ਆ ਆ ਕੁਟਣ ਵਾਲੀ ਗਲ ਹੋਈ ਪਈ। ਮੈਦਾਨ ਖਾਲੀ ਐ ਸਿਰ ਵਰਤਣ ਵਾਲੇ ਦਿਸਦੇ ਹੀ ਨਹੀ। ਬੁਢੇ ਵਾਰੇ ਜਵਾਕ ਜੇ ਦੇ ਪੈਰਾਂ ਵਿਚ ਰਿੜਦੇ ਫਿਰਦੇ ਘਗੇ ਵਰਗੇ ਪਿਓ ਧੀ ਹੀ ਮਾਣ ਨਾ ਸਨ ਹੁਣ ਵਰਤ ਲੈਣ ਸਿਰ ਹੁਣ ਕੀ ਹੋ ਗਿਆ। ਹੰਕਾਰ ਈਰਖਾ ਅਤੇ ਸਾੜਾ ਮੂਹਰਲੇ ਬੰਦੇ ਦੇ ਗੁਣ ਨਹੀ ਦਿਸਣ ਦਿੰਦਾ ਓਹ ਕੇਵਲ ਗਲਤੀਆਂ ਦੀ ਵਿਥਾਂ ਲਭਦੇ ਹੀ ਕੌਮਾਂ ਕੋਲੋਂ ਹੀਰਿਆਂ ਵਰਗੇ ਬੰਦੇ ਗਵਾ ਦਿੰਦੇ ਨੇ ਅਤੇ ਇਹ ਗਲ ਪੰਜਾਬ ਨਾਲ ਵਾਰ ਵਾਰ ਹੋਈ ਹੈ ਅਤੇ ਜੋ ਸਾਡੇ ਪਲੇ ਬਚਿਆ ਫਿਰ ਕਹਾਂ ਭੰਡ ਅਤੇ ਮਸਖਰੇ।

**-ਗੁਰਦੇਵ ਸਿੰਘ ਸੱਧੇਵਾਲੀਆ**

# ਹਮਲਾਵਰਾਂ ਨੇ ਮੈਕਸੀਕੋ ਵਿਚ ਪੰਜ ਪੱਤਰਕਾਰਾਂ ਨੂੰ ਗੋਲੀ ਮਾਰੀ

ਮੈਕਸੀਕੋ ਸਿਟੀ-ਦੱਖਣੀ ਮੈਕਸੀਕੋ 'ਚ ਹਮਲਾਵਰਾਂ ਨੇ ਚਾਰ ਫੋਟੋ ਪੱਤਰਕਾਰਾਂ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਦੱਖਣੀ ਤਟਵਰਤੀ ਸੂਬੇ ਗੁਏਰੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਸਾਰੇ ਪੱਤਰਕਾਰ ਸਥਾਨਕ ਅਖ਼ਬਾਰਾਂ ਜਾਂ ਸਮਾਚਾਰ ਵੈੱਬਸਾਈਟਾਂ 'ਚ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਨੂੰ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਮੰਨਦੇ ਹਨ। ਪ੍ਰੈਸ ਸਮੂਹ 'ਰਿਪੋਰਟਰਜ਼ ਵਿਦਾਊਟ ਬਾਡਰਜ਼' ਨੇ ਕਿਹਾ ਕਿ ਹਮਲਾ ਸਥਾਨਕ ਸੈਨਾ ਦੀ ਬੈਰਕ ਦੇ ਬਾਹਰ ਹੋਇਆ, ਜਦੋਂ ਫੋਟੋ ਪੱਤਰਕਾਰ ਇਕ ਪ੍ਰੋਗਰਾਮ ਤੋਂ ਪਰਤ ਰਹੇ ਸਨ। ਇਹ ਘਟਨਾ ਪਿਛਲੇ ਦਿਨੀਂ ਤਿੰਨ ਪੱਤਰਕਾਰਾਂ ਦੇ ਅਗਵਾ ਕਰਨ ਤੋਂ ਕੁਝ ਦਿਨ ਬਾਅਦ ਵਾਪਰੀ ਹੈ। ਅਗਵਾ ਦੇ ਮਕਸਦ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਗੁਆਂਢੀ ਰਾਜ ਮਿਕੋਆਕਨ ਵਿੱਚ ਮੰਗਲਵਾਰ ਨੂੰ ਹੋਈ ਇੱਕ ਹੋਰ ਗੋਲੀਬਾਰੀ ਵਿੱਚ ਪੱਤਰਕਾਰ ਮੇਨਰ ਰਾਮੋਨ ਰਾਮੀਰੇਜ ਜ਼ਖਮੀ ਹੋ ਗਿਆ, ਜਿਸ ਨਾਲ ਪੀੜਤਾਂ ਦੀ ਗਿਣਤੀ ਪੰਜ ਹੋ ਗਈ।







## ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਅੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579




ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:**

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।


*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca



ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਟੀਚਰ ਨੇ ਗਾਂਧੀ ਜਯੰਤੀ ਤੇ ਕਲਾਸ ਵਿੱਚ ਆ ਕੇ ਪੁੱਛਿਆ

ਗਾਂਧੀ ਕੌਣ ਆ? ਸਾਰੀ ਕਲਾਸ ਚ ਸ਼ਾਂਤੀ।

ਫੇਰ ਪੱਪੂ ਨੇ ਹੱਥ ਖੜਾ ਕੀਤਾ!

ਪੱਪੂ-ਮੈਡਮ, ਆਪਣੀ ਕਲਾਸ ਨਹੀਂ ਸ਼ਾਇਦ ਦੂਜੇ ਸੈਕਸ਼ਨ ਚ ਹੋਵੇ

-------------

ਤਿਹਾੜ ਜੇਲ੍ਹ ਦਾ ਜੇਲਰ ਪ੍ਰੇਸ਼ਾਨੀ ਵਿੱਚ ਆਪਣੇ ਦਫ਼ਤਰ ਵਿੱਚ ਇੰਧਰ-ਉਧਰ ਚੱਕਰ ਲਗਾ ਰਹੇ ਸਨ। ਉਨ੍ਹਾਂ ਦੇ ਡਿਪਟੀ ਜੇਲਰ ਨੇ ਕਾਰਨ ਪੁੱਛਿਆ, ਤਾਂ ਉਹ ਬੋਲੇ, ''ਕਿਸੇ ਨੂੰ ਕੈਦੀ ਨੂੰ ਬਾਹਰ ਭੇਜ ਕੇ ਕਿਸੇ ਮਸ਼ਹੂਰ ਚੋਰ ਨੂੰ ਬੁਲਾ।

ਅਲ੍ਹਮਾਰੀ ਦੀ ਚਾਬੀ ਗੁਆਚ ਗਈ। ਤਾਲਾ ਖੁਲ੍ਹਵਾਉਣਾ।''

-------------

ਮਾਂ ਨੇ ਬੇਟੇ ਨੂੰ ਕਿਹਾ, ''ਤੂੰ ਬਿਲਕੁੱਲ ਨਾਲਾਇਕ ਏਂ, ਆਪਣੇ ਪਿਓ ਦੇ ਚੰਗੇ ਚਾਲ ਚਲਣ ਤੋਂ ਹੀ ਕੁੱਝ ਸਿੱਖ ਲੈ।''

ਬੇਟਾ, ''ਉਨ੍ਹਾਂ ਨੇ ਕੀ ਕੀਤਾ ਹੈ?''

ਮਾਂ, ''ਉਨ੍ਹਾਂ ਦੇ ਚੰਗੇ ਚਾਲ-ਚਲਣ ਕਾਰਨ ਹੀ ਜੇਲ੍ਹ ਵਾਲਿਆਂ ਨੇ ਉਨ੍ਹਾਂ ਦੀ ਕੈਦ ਦੀ ਸਜ਼ਾ ਅੱਧੀ ਕਰ ਦਿੱਤੀ ਹੈ।''

-------------

ਪਤਨੀ (ਪਤੀ ਨੂੰ), ''ਕਿਉਂ ਜੀ! ਜਦੋਂ ਵੀ ਮੈਂ ਤੁਹਾਡੇ ਕੋਲ ਆਉਂਦੀ ਹਾਂ ਤੁਸੀਂ ਐਨਕ ਲਗਾ ਲੈਂਦੇ ਹੋ?''

ਪਤੀ, ''ਡਾਕਟਰ ਨੇ ਕਿਹਾ ਹੈ ਕਿ ਜਦੋਂ ਸਿਰਦਰਦ ਹੋਵੇ ਤਾਂ ਐਨਕ ਲਗਾ ਲੈਣਾ।''

-------------

ਇਕ ਵਿਅਕਤੀ ਜੰਗਲ ਵਿਚੋਂ ਦੀ ਲੰਘ ਰਿਹਾ ਸੀ ਕਿ ਉਸ ਨੇ ਇਕ ਵਿਅਕਤੀ ਨੂੰ ਟੋਏ ਵਿਚ ਡਿੱਗੇ ਹੋਏ ਦੇਖਿਆ। ਉਸ ਨੇ ਆਪ ਵੀ ਟੋਏ ਵਿਚ ਛਾਲ ਮਾਰ ਦਿੱਤੀ।

ਦੁਸਰਾ ਵਿਅਕਤੀ-ਕੀ ਤੁਸੀਂ ਮੈਨੂੰ ਬਾਹਰ ਕੱਢਣ ਦੇ ਲਈ ਆਏ ਹੋ?

ਪਹਿਲਾ-ਜੀ ਨਹੀਂ।

ਦੂਸਰਾ-ਫਿਰ ਕਿਸ ਲਈ ਆਏ ਹੋ?

ਪਹਿਲਾ-ਆਪਣੇ ਸ਼ੇਅਰ ਸੁਣਾਉਣ

ਲਈ, ਮੈਂ ਜਿਸ ਨੂੰ ਵੀ ਆਪਣੇ ਸ਼ੇਅਰ ਸੁਣਾਉਂਦਾ ਹਾਂ, ਉਹ ਦੌੜ ਜਾਂਦਾ ਹੈ ਪਰ ਤੁਸੀਂ ਕਿਥੇ ਜਾਓਗੇ!

-------------

ਅਕਾਸ਼-ਦੇਖਿਆ ਮੈਂ ਤੈਨੂੰ ਹਨੇਰੇ ਵਿਚ ਵੀ ਲੱਭ ਲਿਆ

ਰੋਹਿਤ-ਤਾਂ ਹੀ ਮੈਡਮ ਤੈਨੂੰ ਉੱਲੂ ਕਹਿੰਦੇ ਹਨ।

-------------

ਪਹਿਲੀ ਜੂੰਅ-ਮੇਰਾ ਮਕਾਨ ਬਹੁਤ ਸੋਹਣਾ ਹੈ ਉਸ ਵਿਚ ਲੰਬੀਆਂ - ਲੰਬੀਆਂ ਸੜਕਾਂ ਹਨ

ਦੂਜੀ ਜੂੰਅ-ਮੇਰੇ ਮਕਾਨ ਵਿਚ ਤਾਂ ਛੋਟੀਆਂ -ਛੋਟੀਆਂ ਸੜਕਾਂ ਹਨ

ਤੀਜੀ ਜੂੰ-(ਇਕ ਗੰਜੇ ਦੇ ਸਿਰ ਚ ਲਿਜਾ ਕੇ ) ਮੈਂ ਤਾ ਹਜੇ ਪਲਾਟ ਹੀ ਲਿਆ ਹੈ ਮਕਾਨ ਬਣਾਉਣਾ ਬਾਕੀ ਹੈ।

-------------

ਬੱਚਾ: ਪਾਪਾ, ਤੁਸੀਂ ਮੰਮੀ ਵਿੱਚ ਅਜਿਹਾ ਕੀ ਦੇਖਿਆ ਕਿ ਵਿਆਹ ਕਰਵਾ ਲਿਆ।

ਪਾਪਾ: ਉਸ ਦੀ ਗੱਲ੍ਹ ਦਾ ਛੋਟਾ ਜਿਹਾ ਤਿਲ।

ਬੱਚਾ:-, ਕਮਾਲ ਹੈ, ਇੰਨੀ ਛੋਟੀ ਜਿਹੀ ਚੀਜ਼ ਲਈ ਇੰਨੀ ਵੱਡੀ ਮੁਸੀਬਤ ਮੁੱਲ ਲੈ ਲਈ।

-------------

ਰੀਨਾ:- ਤੂੰ ਏਨੇ ਬਜ਼ੁਰਗ ਆਦਮੀ ਨਾਲ ਵਿਆਹ ਕਿਉਂ ਕਰਵਾਇਆ ਸੁਨੀਤਾ, ਇਕ ਤਾਂ ਇਨ੍ਹਾਂ ਦੀ ਇਨਕਮ ਦੂਜਾ ਇਨ੍ਹਾਂ ਦੇ ਦਿਨ ਕਮ (ਘੱਟ)।

ਅਧਿਆਪਕ:- 4 ਤੇ 4 ਕਿੰਨੇ ਹੁੰਦੇ ਹਨ।

ਬੰਟੀ:- ਸਰ 10 ਹੁੰਦੇ ਹਨ।

ਅਧਿਆਪਕ:- 10 ਕਿਵੇਂ, 8 ਹੁੰਦੇ ਹਨ। ਬੇਟੀ, ਅਸੀਂ ਖਾਨਦਾਨੀ ਦਿਲਦਾਰ ਹੁੰਦੇ ਹਾਂ, 2 ਆਪਣੇ ਕੋਲੋਂ ਜੋੜ ਦਿੱਤੇ।

-------------

ਸੱਸ:- ਮੈਂ ਕਿੰਨੀ ਵਾਰ ਕਿਹਾ ਹੈ ਬਿੰਦੀ ਲਾ ਕੇ ਬਾਹਰ ਜਾਇਆ ਕਰ।

ਨੂੰਹ:-ਪਰ ਜੀਨਸ-ਟੋਪ ਪਾ ਕੇ ਬਿੰਦੀ ਕੌਣ ਲਾਉਂਦਾ ਹੈ ਮਾਂ ਜੀ।

ਸੱਸ:- ਮੈਂ ਕਦੋਂ ਕਿਹਾ ਜੀਨ 'ਤੇ ਲਾਉ, ਮੱਥੇ 'ਤੇ ਲਾ ਲੈ।

-------------

ਅਜੇ:- ਇਕ ਗੱਲ ਯਾਦ ਰੱਖੋ, ਕਦੇ ਕਿਸੇ ਦਾ ਦਿਲ ਨਹੀਂ ਤੋੜਨਾ ਚਾਹੀਦਾ।

ਵਿਜੇ:- ਅਜਿਹਾ ਕਿਉਂ

ਅਜੇ:- ਕਿਉਂਕਿ ਦਿਲ ਇਕ ਹੀ ਹੁੰਦਾ ਹੈ।

ਤੋੜਨਾ ਹੀ ਹੈ ਤਾਂ ਹੱਡੀਆਂ ਤੋੜੇ, 206 ਹੁੰਦੀਆਂ ਹਨ।

-------------

ਪਾਪਾ:-ਤੰਨੂੰ ਧਨੀਆ ਲਿਆਉਣ ਲਈ ਕਿਹਾ ਸੀ, ਪੁਦੀਨਾ ਲੈ ਆਇਆਂ, ਤੇਰੇ ਵਰਗੇ ਬੇਵਕੂਫ ਨੂੰ ਘਰ ਵਿੱਚ ਰੱਖਣ ਦੀ ਥਾਂ ਘਰੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਬੇਟਾ:- ਫਿਰ ਇਕੱਠੇ ਹੀ ਚੱਲਦੇ ਹਾਂ ਘਰੋਂ ਪਾਪਾ, ਕਿਉਂ ?

ਬੇਟਾ,:- ਕਿਉਂਕਿ ਮਾਂ ਕਹਿ ਰਹੀ ਹੈ ਕਿ ਇਹ ਮੇਥੀ ਹੈ।

-------------

ਜਮਾਤ ਵਿੱਚ ਅਧਿਆਪਕ ਨੇ ਪੁੱਛਿਆ, ਦੱਸੋ ਕੀੜੀਆਂ ਤੋਂ ਸਾਨੂੰ ਕੀ ਫਾਇਦਾ ਹੈ।

ਪੱਪੂ:- ਮਾਸਟਰ ਜੀ, ਕੀੜੀਆਂ ਦੱਸ ਦਿੰਦੀਆਂ ਹਨ ਕਿ ਮਠਿਆਈ ਕਿਥੇ ਪਈ ਹੈ।

-------------

ਸੱਸ:-ਆਪਣੀ ਨੂੰਹ ਤੋਂ ਬਹੁਤ ਪ੍ਰੇਸ਼ਾਨ ਸੀ, ਕਿਉਂਕਿ ਉਹ ਕੋਈ ਕੰਮ ਨਹੀਂ ਕਰਦੀ ਸੀ।

ਇਕ ਦਿਨ ਸੱਸ ਨੇ ਆਪਣੇ ਬੇਟੇ ਨਾਲ ਮਿਲ ਕੇ ਉਸ ਨੂੰ ਸਲਾਹ ਦਿੱਤੀ, ਕੱਲ੍ਹ ਸਵੇਰੇ ਮੈਂ ਵਿਹੜੇ ਵਿੱਚ ਝਾੜੂ ਲਾਵਾਂਗੀ ਅਤੇ ਤੂੰ ਮੈਨੂੰ ਟੋਕੀਂ ਕਿ ਲਿਆ ਮਾਂ, ਮੈਂ ਕਰ ਦਿੰਦਾ ਹਾਂ।

ਇੰਝ ਨੂੰਹ ਨੂੰ ਕੁਝ ਤਾਂ ਸ਼ਰਮ ਆਵੇਗੀ।

ਸਵੇਰੇ ਜਿਉਂ ਹੀ ਮਾਂ ਝਾੜੂ ਲਾਉਣ ਲੱਗੀ, ਬੇਟਾ ਬੋਲਿਆ, ਲਿਆ ਮਾਂ, ਮੈਂ ਕਰ ਦਿੰਦਾ ਹਾਂ।

ਨੂੰਹ:- ਇਸ ਵਿੱਚ ਝਗੜਨ ਦੀ ਕੀ ਗੱਲ ਹੈ, ਇਕ ਦਿਨ ਮਾਂ ਲਾਏਗੀ ਅਤੇ ਇਕ ਦਿਨ ਤੁਸੀਂ ਲਾ ਦੇਣਾ।

-------------

ਜਵਾਈ (ਸੱਸ ਨੂੰ), ਤੁਹਾਡੀ ਬੇਟੀ ਵਿੱਚ ਕੋਈ ਵੀ ਗੱਲ ਢੰਗ ਦੀ ਨਹੀਂ ਹੈ

ਸੱਸ:- ਹਾਂ ਬੇਟਾ ਪਤਾ ਹੈ, ਤਾਂ ਹੀ ਤਾਂ ਕੋਈ ਢੰਗ ਦਾ ਮੁੰਡਾ ਵੀ ਨਹੀਂ ਮਿਲਿਆ।

-------------

ਨੂੰਹ ਨੇ ਆਪਣੇ ਸਹੁਰੇ ਨੂੰ ਕਿਹਾ: ਬਾਪੂ ਜੀ, ਇਲਾਇਚੀ ਖਤਮ ਹੋ ਗਈ, ਤੁਸੀਂ ਆਉਂਦਿਆਂ ਹੀ ਲੈ ਕੇ ਆਓਗੇ।

ਸਹੁਰਾ: ਬੇਟਾ, ਇਲੈਚੀ ਤੇਰੀ ਸੱਸ ਦਾ ਨਾਂ ਹੈ ਤੇ ਸਾਡੇ ਘਰ ਬਜ਼ੁਰਗਾਂ ਦਾ ਨਾਂ ਨਹੀਂ ਲਿਆ ਜਾਂਦਾ।

ਨੂੰਹ : ਠੀਕ ਹੈ, ਗਲਤੀ ਹੋ ਗਈ ਅਗਾਂਹ ਤੋਂ ਨਹੀਂ ਕਹਾਂਗੀ...

ਅਗਲੀ ਵਾਰੀ .....

ਨੂੰਹ: ਬਾਪੂ ਜੀ , ਮਾਂ ਮੁੱਕ ਗਈ ਆ, ਬਜ਼ਾਰ ਤੋਂ ਲੈ ਆਉਂਣੀ।

-------------

ਪੱਪੂ, ''ਕੱਲ੍ਹ ਮੈਂ ਇਕ ਰਾਕੇਟ ਛੱਡਿਆ, ਜੋ ਸਿੱਧਾ ਸੂਰਜ ਨਾਲ ਜਾ ਟਕਰਾਇਆ।"

ਬੰਟੀ, ''ਫਿਰ ਕੀ ਹੋਇਆ?"

ਪੱਪੂ, ''ਫਿਰ ਮੇਰੀ ਪਿਟਾਈ ਹੋਈ।"

ਬੰਟੀ, ''ਕਿਸ ਨੇ ਕੀਤੀ?"

ਪੱਪੂ, ''ਸੂਰਜ ਦੀ ਮੰਮੀ ਨੇ ਯਾਰ।"

******

ਮਾਂ (ਬੇਟੇ ਨੂੰ), ''ਬੇਟਾ, ਘਰ ਵਿੱਚ ਕਾਇਦੇ ਨਾਲ ਰਹਿਣਾ ਚਾਹੀਦਾ ਹੈ।"

ਬੇਟੇ ਨੇ ਸਿਰ ਹਿਲਾ ਕੇ ਕਿਹਾ, ''ਮੰਮੀ ਸਮਝ ਆ ਗਈ, ਜਿਵੇਂ ਪਾਪਾ ਰਹਿੰਦੇ ਹਨ।"

******

ਸੁਨੀਲ (ਬਲਦੇਵ ਨੂੰ), ''20 ਸਾਲਾਂ ਵਿੱਚ ਅੱਜ

ਪਹਿਲੀ ਵਾਰ ਅਲਾਰਮ ਨਾਲ ਸਵੇਰੇ-ਸਵੇਰੇ ਮੇਰੀ ਨੀਂਦ ਖੁੱਲ੍ਹ ਗਈ।"

ਬਲਦੇਵ, ''ਕਿਉਂ, ਕੀ ਤੈਨੂੰ ਅਲਾਰਮ ਵੱਜਦਾ ਸੁਣਾਈ ਨਹੀਂ ਦਿੰਦਾ ਸੀ?"

ਸੁਨੀਲ, ''ਨਹੀਂ ਅਜਿਹੀ ਗੱਲ ਨਹੀਂ, ਅੱਜ ਸਵੇਰੇ ਮੈਨੂੰ ਜਗਾਉਣ ਲਈ ਮੇਰੀ ਘਰਵਾਲੀ ਨੇ ਅਲਾਰਮ ਘੜੀ ਮੇਰੇ ਸਿਰ 'ਤੇ ਮਾਰ ਦਿੱਤੀ?"

-------------










# ਕੈਨੇਡਾ ਦੇ ਸਰੀ ਸ਼ਹਿਰ ਦੇ ਲੈਂਡਮਾਰਕ ਸਿਨੇਮਾ ਵਿੱਚ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਇਤਿਹਾਸ ਪ੍ਰਤੀ ਜਾਗਰੂਕ ਕਰਨ ਲਈ ਦਿਖਾਈ ਗਈ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਬਣਾਈ ਗਈ ਪੰਜਾਬੀ ਫਿਲਮ ਸਰਾਭਾ:ਬੱਚਿਆਂ ਨੇ ਲਗਾਏ ਬੋਲੇ ਸੋ ਨਿਹਾਲ ਦੇ ਜੈਕਾਰੇ





ਕੈਨੇਡਾ(ਹੇਮ ਰਾਜ ਬੱਬਰ,ਰਜਨੀਸ਼ ਬਾਂਸਲ)--ਕੈਨੇਡਾ ਦੇ ਲੇਂਗਲੀ ਇਲਾਕੇ ਦੇ ਰਹਿਣ ਵਾਲੇ ਉੱਘੇ ਫਿਲਮ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਅਧਾਰਿਤ ਇਤਿਹਾਸਿਕ ਪੰਜਾਬੀ ਫਿਲਮ ਸਰਾਭਾ ਹਰ ਪਾਸੇ ਜਿੱਥੇ ਬਹੁਤ ਚੰਗਾ ਨਿਮਾਣਾ ਖੱਟ ਰਹੀ ਹੈ,ਉਥੇ ਹੀ ਹੁਣ ਕੈਨੇਡਾ ਦੇ ਸਰਕਾਰੀ ਸਕੂਲਾਂ ਨੇ ਵੀ ਇਹ ਫਿਲਮ ਆਪਣੇ ਸਕੂਲ ਦੇ ਬੱਚਿਆਂ ਨੂੰ ਦਿਖਾ ਕੇ ਉਨਾਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਵਲੋਂ ਦਿੱਤੀ ਛੋਟੀ ਉਮਰ ਦੀ ਕੁਰਬਾਨੀ ਦਾ ਮਹੱਤਵ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।ਇਸੇ ਲੜੀ ਵਿਚ ਸਰੀ ਸ਼ਹਿਰ ਦੇ ਲੈਂਡਮਾਰਕ ਸਿਨੇਮਾ ਵਿਚ ਵੀ 200 ਬੱਚਿਆਂ ਨੂੰ ਇਹ ਇਤਿਹਾਸਿਕ ਫਿਲਮ ਦਿਖਾਈ ਗਈ।

ਇਸ ਮੌਕੇ ਜਿੱਥੇ ਇਸ ਫਿਲਮ ਨੂੰ ਦੇਖ ਕੇ ਬੱਚਿਆਂ ਦਾ ਉਤਸ਼ਾਹ ਦੇਖਣ ਵਾਲਾ ਸੀ,ਉਥੇ ਹੀ ਬੱਚਿਆਂ ਨੇ ਫਿਲਮ ਦੇ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਤੇ ਉਨਾਂ ਦੀ ਪੂਰੀ ਟੀਮ ਨੂੰ ਏਨੀ ਵਧੀਆ ਪੰਜਾਬੀ ਫਿਲਮ ਬਣਾਉਣ ਤੇ ਉਨਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਵਿਦੇਸ਼ਾਂ ਦੀ ਧਰਤੀ ਤੇ ਬੱਚਿਆਂ ਨੂੰ ਇਤਿਹਾਸ ਨਾਲ ਜੋੜ ਕੇ ਉਨਾਂ ਅੰਦਰ ਦੇਸ਼ ਭਗਤੀ ਨੂੰ ਜਗਾਉਣ ਦਾ ਇਸ ਤੋ ਵਧੀਆ ਕੋਈ ਉਪਰਾਲਾ ਨਹੀਂ ਹੋ ਸਕਦਾ। ਕਿਉਂਕਿ ਅੱਜ ਦੇ ਤਕਨੀਕੀ ਯੁੱਗ ਵਿਚ ਬੱਚੇ ਜੋਂ ਦੇਖਦੇ ਹਨ,ਉਸ ਨੂੰ ਜਲਦੀ ਸਮਝਦੇ ਹਨ। ਇਸ ਮੌਕੇ ਸਕੂਲ ਟੀਚਰ ਗੁਰਪ੍ਰੀਤ ਕੌਰ ਬੈਂਸ ਨੇ ਵੀ ਕਿਹਾਕਿ ਉਨਾਂ ਨੇ ਬੱਚਿਆਂ ਨੂੰ ਪੰਜਾਬ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਉਨਾਂ ਦੀਆਂ ਦੇਸ਼ ਲਈ ਦਿੱਤੀਆਂ ਛੋਟੀ ਉਮਰ ਵਿਚ ਕੁਰਬਾਨੀਆਂ ਨਾਲ ਜੋੜਨ ਲਈ ਇਹ ਫਿਲਮ ਦਿਖਾਉਣ ਦੀ ਜਿਹੜੀ ਕੋਸ਼ਿਸ਼ ਕੀਤੀ ਸੀ,ਉਸ ਵਿੱਚ ਉਹ ਪੂਰੇ ਸਫਲ ਰਹੇ ਹਨ ਤੇ ਉਹ ਹੋਰ ਸਕੂਲਾਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਵੀ ਆਪਣੇ ਸਕੂਲ ਦੇ ਬੱਚਿਆਂ ਨੂੰ ਇਹ ਇਤਿਹਾਸਿਕ ਫਿਲਮ ਸਰਾਭਾ ਜਰੂਰ ਦਿਖਾਉਣ।

ਇਸ ਮੌਕੇ ਫਿਲਮ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਨੇ ਵੀ ਸਕੂਲ ਵਾਲਿਆਂ ਦਾ ਧੰਨਵਾਦ ਕਰਦੇ ਹੋਏ ਕਿਹਾਕਿ ਸਾਡੇ ਬੱਚੇ ਅੱਜਕਲ ਦੇ ਤੇਜ਼ੀ ਦੇ ਜਮਾਨੇ ਵਿੱਚ ਆਪਣੇ ਇਤਿਹਾਸ ਨਾਲੋ ਦੂਰ ਹੁੰਦੇ ਜਾ ਰਹੇ ਹਨ ਤੇ ਇਸ ਫਿਲਮ ਨੂੰ ਬਣਾ ਕੇ ਜਿੱਥੇ ਉਨਾਂ ਨੇ ਹਰ ਇੱਕ ਨੂੰ ਇਤਿਹਾਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ,ਉਥੇ ਹੀ ਇਹ ਕੋਸ਼ਿਸ਼ ਉਨ੍ਹਾਂ ਦੀ ਕਮਾਈ ਦਾ ਦਸਵੰਧ ਹੈ ਤੇ ਹੋਰ ਵੀ ਪੰਜਾਬੀ ਫਿਲਮਾਂ ਬਣਾਉਣ ਵਾਲੇ ਪ੍ਰੋਡਿਊਸਰਾਂ ਨੂੰ ਅਪੀਲ ਕਰਦੇ ਹਨ ਕਿ ਆਪਣੇ ਅਨਮੋਲ ਪੰਜਾਬੀ ਵਿਰਸੇ ਦੀ ਸੰਭਾਲ ਲਈ ਸਾਲ ਵਿੱਚ ਇੱਕ ਇਤਿਹਾਸਿਕ ਪੰਜਾਬੀ ਫਿਲਮ ਬਣਾ ਕੇ ਆਪਣਾ ਦਸਵੰਧ ਜਰੂਰ ਕੱਢਣ,ਤਾਂ ਜੋਂ ਹੁਣ ਦੀਆਂ ਪੀੜ੍ਹੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਨਾਲ ਜੁੜੀਆਂ ਰਹਿ ਸਕਣ। ਇਸ ਮੌਕੇ ਉਨਾਂ ਸਾਰੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਵੀ ਬੇਨਤੀ ਕੀਤੀ ਕਿ ਇਸ ਫਿਲਮ ਨੂੰ ਆਪਣੇ ਬੱਚਿਆਂ ਨੂੰ ਦਿਖਾਉਣ ਲਈ ਉਨਾਂ ਨੂੰ ਸਾਡੀ ਟੀਮ ਦੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤਾਂ ਉਹ ਸਾਡੇ ਇਸ ਨੰਬਰ 6046005835 ਤੇ ਜਦੋਂ ਮਰਜੀ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਫਿਲਮ ਦੇ ਹਾਲੀਵੁੱਡ ਡਾਇਰੈਕਟਰ ਕੇ ਕਵੀ ਰਾਜ,ਗੁਰਸ਼ਰਨ ਮਾਨ,ਸੁਖਵੰਤ ਸਿੰਘ ਚਾਹਲ,ਅਰਸ਼ ਸਿੰਘ,ਰਵਿੰਦਰ ਸਿੰਘ ,ਸੁਖਵੰਤ ਸਿੰਘ ਸਰਾਭਾ,ਇਮਾਨ,ਅਰਮਾਨ, ਇਸ਼ਾਨ,ਰੋਬਿਨ,ਗੁਰਸ਼ਰਨ ਸਿੰਘ,ਰਣਜੋਧ ਸਿੰਘ,ਗੁਰਜੋਤ ਸਿੰਘ,ਜੱਗੀ ਤੇ ਮਨਪ੍ਰੀਤ ਅਟਵਾਲ ਹਾਜਿਰ ਸਨ।

(ਸਫਾ ਏ9 ਦੀ ਬਾਕੀ)

ਸਾਰੇ ਉਮੀਦਵਾਰਾਂ ਨੂੰ ਪੀਆਰ ਲਈ ਦਰਖਾਸਤ ਦੇਣ ਦਾ ਸੱਦਾ ਨਹੀਂ ਮਿਲਦਾ।ਕਦੀ ਕਦੀ ਸਰਕਾਰ ਸੀਆਰਐੱਸ ਅੰਕਾਂ ਦੀ ਲੋੜ ਵਿਚ ਢਿੱਲ ਦੇ ਦਿੰਦੀ ਹੈ ਜਿਵੇਂ ਇਸ ਨੇ 2021 ਵਿਚ ਸਕੋਰ ਘਟਾ ਕੇ 75 ਕਰ ਦਿੱਤਾ ਸੀ ਜਿਸ ਨਾਲ ਹਜ਼ਾਰਾਂ ਬਿਨੈਕਾਰਾਂ ਨੂੰ ਲਾਭ ਮਿਲਿਆ ਸੀ। ਉਂਝ, ਇਸ ਤਰ੍ਹਾਂ ਦੀਆਂ ਛੋਟਾਂ ਬਾਬਤ ਕੋਈ ਸਪੱਸ਼ਟਤਾ ਨਹੀਂ ਹੈ ਕਿ ਛੋਟ ਕਿੰਨੀ ਕੁ ਮਿਲੇਗੀ ਜਾਂ ਕਦੋਂ ਮਿਲੇਗੀ। ਸਿੱਟੇ ਵਜੋਂ ਕਈ ਕੌਮਾਂਤਰੀ ਵਿਦਿਆਰਥੀ ਆਪਣੇ ਦੇਸ਼ ਪਰਤ ਜਾਂਦੇ ਹਨ। ਦੇਖਣ ਵਿਚ ਆਇਆ ਹੈ ਕਿ ਭਾਰਤੀ ਵਿਦਿਆਰਥੀ ਕਾਫ਼ੀ ਦੇਰ ਡਟੇ ਰਹਿੰਦੇ ਹਨ ਅਤੇ ਆਪਣਾ ਸੀਆਰਐੱਸ ਸਕੋਰ ਵਧਾਉਣ ਲਈ ਲੰਮਾ ਸਮਾਂ ਉਡੀਕ ਕਰਦੇ ਹਨ ਅਤੇ ਕਈ ਹੋਰ ਹਥਕੰਡੇ ਵੀ ਅਪਣਾਉਂਦੇ ਹਨ ਪਰ ਇਹ ਗੱਲ ਸਾਰਿਆਂ ’ਤੇ ਨਹੀਂ ਢੁਕਦੀ। ਸੀਬੀਸੀ ਨਿਊਜ਼ ਨੇ 30 ਅਪਰੈਲ 2022 ਨੂੰ ਸਟੈਟਿਸਟਿਕ ਕੈਨੇਡਾ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਸੀ ਕਿ 50% ਕੌਮਾਂਤਰੀ ਵਿਦਿਆਰਥੀਆਂ ਕੋਲ ਪੜ੍ਹਾਈ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਕੋਈ ਟੈਕਸ ਰਿਕਾਰਡ ਨਹੀਂ ਸੀ ਜਿਸ ਤੋਂ ਇਸ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਵਤਨ ਪਰਤ ਗਏ ਹਨ। ਇਸੇ ਚੈਨਲ ਨੇ ਆਈਸੀਸੀ ਦੇ ਸਰਵੇਖਣ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਯੂਨੀਵਰਸਿਟੀ ਦੀ ਪੜ੍ਹਾਈ ਵਾਲੇ ਨਵੇਂ ਕੈਨੇਡੀਅਨਾਂ ’ਚੋਂ 23 ਫ਼ੀਸਦ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਗਲੇ ਦੋ ਸਾਲਾਂ ਵਿਚ ਦੇਸ਼ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਈ ਹੈ।ਸਿਸਟਮ ਨਾਲ ਜੁੜੀਆਂ ਬੰਦਸ਼ਾਂ ਅਤੇ ਨੀਤੀਗਤ ਕਮਜ਼ੋਰੀਆਂ ਤੋਂ ਇਲਾਵਾ ਇਸ ਮੁਲਕ ਵਿਚ ਜ਼ਿੰਦਗੀ ਦੀ ਗੁਜ਼ਰ ਬਸਰ ਮਹਿੰਗੀ ਹੋਣ ਕਰ ਕੇ ਪਰਵਾਸੀ ਇੱਥੇ ਵੱਸਣ ਦਾ ਆਪਣਾ ਸੁਫ਼ਨਾ ਤਿਆਗਣ ਲਈ ਮਜਬੂਰ ਹੋ ਰਹੇ ਹਨ। ਕੈਨੇਡਾ ਮਹਿੰਗਾਈ ਦੀ ਮਾਰ ਹੇਠ ਹੈ ਅਤੇ ਉਜਰਤਾਂ ਵਿਚ ਖੜੋਤ ਆ ਜਾਣ ਕਰ ਕੇ ਕੈਨੇਡੀਅਨਾਂ ਦੀ ਅਸਲ ਕਮਾਈ ਘਟ ਰਹੀ ਹੈ। ਕੈਨੇਡਾ ਵਿਚ ਆਉਣ ਲਈ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਜਿਹੇ ਪ੍ਰੋਗਰਾਮ ਉਪਲਬਧ ਹਨ ਪਰ ਇਕੇਰਾਂ ਇੱਥੇ ਆਉਣ ਤੋਂ ਬਾਅਦ ਇਨ੍ਹਾਂ ਨੂੰ ਸੰਭਾਲਣ ਜਾਂ ਬਰਕਰਾਰ ਰੱਖਣ ਦਾ ਕੋਈ ਹੀਲਾ ਵਸੀਲਾ ਨਹੀਂ। ਸਥਾਈ ਨਿਵਾਸ ਦਾ ਰਾਹ ਕਾਫ਼ੀ ਜਟਿਲ ਤੇ ਉਲਝਣਾਂ ਭਰਿਆ ਹੈ; ਇਸ ਵਿਚ ਸਪੱਸ਼ਟਤਾ ਦੀ ਕਮੀ ਹੈ ਅਤੇ ਇਸ ਦਾ ਸੰਚਾਲਨ ਅਣਕਿਆਸੀਆਂ ਨੀਤੀਆਂ ਕਰਦੀਆਂ ਹਨ।

**-ਅਮਰਜੀਤ ਭੁੱਲਰ**

**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

**ਹੋਰ ਜਾਣਕਾਰੀ ਲਈ ਫੋਨ ਕਰੋ**

**604-518-4698**

**THE GRAND TAJ**
**BANQUET HALL**
Khalsa Business Centre, 84th Ave. & 128th St., Surrey



**CATERING SERVICE & MUSIC ARRANGEMENT**
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
**604-599-4342**
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਮਾਂ ਬੋਲੀ ਪੰਜਾਬੀ

ਬੁੱਕਲ ਦੇ ਵਿੱਚ ਜੱਗ ਦਾ,
ਪਿਆਰ ਸੰਭਾਲੀ ਬੈਠੀ ਮਾਂ।
ਦੁਨੀਆ ਭਰ ਦੇ ਦਰਦਾਂ ਤਾਈ,
ਪਾਲ਼ੀ ਬੈਠੀ ਮਾਂ।
ਐ ਪੰਜਾਬੀ ਮਾਤਾ!
ਤੈਨੂੰ ਮੈਂ ਪ੍ਰਣਾਮ ਕਰਾਂ।
ਆਪਣਾ ਸਭ ਕੁੱਝ,
ਦਿਲ ਕਰਦਾ ਹੈ ਤੇਰੇ ਨਾਮ ਕਰਾਂ।
ਘਰ ਵਿੱਚ ਹੀ ਖੁਸ਼ੀਆਂ ਦੀ,
ਹੋਲੀ ਜਾਲੀ ਬੈਠੀ ਮਾਂ।
ਦੁਨੀਆਂ ਭਰ ਦੇ ਦਰਦਾਂ ਤਾਈ..........।
ਪੁੱਤਰ ਤੇਰੇ ਤੇਰੇ ਨਾਲ਼ ਹੀ,
ਕਹਿਰ ਕਮਾਉਂਦੇ ਨੇ।
ਸੱਦ ਸੱਦਕੇ ਮਤਰੇਈਆਂ ਤਾਈਂ,
ਆਪ ਬੁਲਾਉਂਦੇ ਨੇ।
ਨਾ ਸ਼ੁਕਰਿਆ ਹੱਥੋਂ ਆਪਣਾ,
ਪੱਲੂ ਬਾਲੀ ਬੈਠੀ ਮਾਂ।
ਦੁਨੀਆਂ ਭਰ ਦੇ ਦਰਦਾਂ ਤਾਈ...........।
ਗੁਰੂਆਂ ਕਿੱਡਾ ਚਾਨਣ,
ਤੇਰੀ ਝੋਲੀ ਪਾ ਦਿੱਤਾ।
ਸੁੱਤੀ ਹੋਈ ਮਨੁੱਖਤਾ ਤਾਈ,
ਝੂਣ ਜਗਾ ਦਿੱਤਾ।
ਤੇਰੇ ਘਰ ਵਿੱਚ ਆਈ,
ਗਿਆਨ ਦਿਵਾਲੀ ਬੈਠੀ ਮਾਂ।
ਦੁਨੀਆ ਭਰ ਦੇ ਦਰਦਾਂ ਤਾਈ.........।
ਸੂਰਮਿਆਂ ਦੀਆਂ ਵਾਰਾਂ,
ਤੈਨੂੰ ਕਿੱਡਾ ਮਾਣ ਦਿੱਤਾ।
ਦੁਨੀਆ ਭਰ ਵਿੱਚ ਤੇਰਾ,
ਮਾਏ ਸੀਨਾ ਤਾਣ ਦਿੱਤਾ।
ਗੋਦ 'ਚ ਤੇਰੀ ਕਾਫ਼ੀ, ਗਜ਼ਲ,
ਕਵਾਲੀ ਬੈਠੀ ਮਾਂ।
ਦੁਨੀਆਂ ਭਰ ਦੇ ਦਰਦਾਂ..........।
ਡੂੰਘਾ ਫੱਟ ਤੈਨੂੰ ਲਾ ਗਏ,
ਗੋਰੇ ਦੇਸ਼ ਬਿਗਾਨੇ ਦੇ ।
ਵੰਡਕੇ ਕਰਤੇ ਸ਼ੇਰ ਪੰਜਾਬੀ,
ਮਾਂ ਦੋ ਆਨੇ ਦੇ।
ਹਿੱਕ ਵਿਚਾਲੇ ਤੇਰੇ,
ਤਾਰ ਕੰਡਿਆਲੀ ਬੈਠੀ ਮਾਂ
ਦੁਨੀਆਂ ਭਰ ਦੇ ਦਰਦਾਂ ਤਾਈ.........।
ਤੂੰ ਤਾਂ ਪਿਆਰ ਸਿਖਾਇਆ,
ਅੱਜ ਇਹ ਨਫ਼ਰਤ ਬੀਜ ਰਹੇ।
ਤੇਰਾ ਪਿਆਰ ਭੁਲਾਕੇ,
ਹੋਰਾਂ ਉੱਤੇ ਪਤੀਜ ਰਹੇ।
ਸੀਨੇ ਗੱਡੀ ਤੇਰੇ, ਸੇਹ ਸੰਤਾਲੀ ਬੈਠੀ ਮਾਂ ।
ਦੁਨੀਆਂ ਭਰ ਦੇ ਦਰਦਾਂ..........।
ਓਕ ਦਿਆਂ ਰੁੱਖਾਂ ਨਾਲ਼,
ਸਾਡਾ ਮੋਹ ਨਾ ਕੋਈ ਨੀ।
ਲਿੱਲੀ ਦੇ ਪੌਦੇ 'ਚੋਂ,
ਆਉਂਦੀ ਨਾ ਖੁਸ਼ਬੋਈ ਨੀ ।
ਸਾਡੇ ਦਿਲ ਵਿੱਚ ਕਿੱਕਰ,
ਬੇਰੀ ਟਾਹਲੀ ਬੈਠੀ ਮਾਂ।
ਦੁਨੀਆ ਭਰ ਦੇ ਦਰਦਾਂ.......।



**ਗੁਰਜਿੰਦਰ ਸਿੰਘ ਰਸੀਆ**
**ਮੋਬਾਇਲ 9878757904**

## ਖੋਤੇ ਨੂੰ ਲੂਣ

ਲੂਣ ਕਦੀ ਖੋਤੇ ਨੂੰ ਜੇ,
ਕੰਨ ਫੜ ਦੇਣ ਲੱਗੋਂ,
ਸ਼ਿਕਾਇਤਾਂ ਵਾਲ਼ਾ ਗੀਤ ਉਹ,
ਹੀਂਗ ਹੀਂਗ ਗਾਂਵਦਾ।
ਕਦਰ ਨਾ ਪਾਵੇ ਕਦੀ,
ਕੀਤੀ ਹੋਈ ਨੇਕੀ ਦੀ ਉਹ,
ਮਾਰ ਮਾਰ ਟੀਟਣੇ,
ਉਹ ਦੂਰ ਭੱਜ ਜਾਂਵਦਾ।
ਘੇਰ ਘੇਰ ਸਿੱਧਾ ਉਹਨੂੰ,
ਤੋਰਨ ਦੀ ਕਰੋ ਕੋਸ਼ਿਸ਼,
ਮੰਨੇ ਨਾ ਉਹ ਕਹਿਣਾ,
ਢੀਠ ਦੁਲੱਤੀਆਂ ਲਗਾਂਵਦਾ।
ਬਹਾਨੇ ਤੇ ਬਹਾਨਾ ਵਿੰਗੇ,
ਟੇਢੇ ਢੰਗ ਲੱਭ ਕੇ ਤੇ,
ਭਾਰ ਢੋਣ ਕੋਲੋਂ ਕੰਨੀ,
ਰੋਜ਼ ਕਤਰਾਂਵਦਾ।
ਮੋੜੋ ਜਿੰਨਾ ਮਰਜ਼ੀ,
ਵਰਜਿਤ ਥਾਵਾਂ ਕੋਲੋਂ,
ਮੁੜ ਘਿੜ ਫੇਰ,
ਖੋਤਾ ਬੋਹੜ ਥੱਲੇ ਆਂਵਦਾ।
ਆਪ ਭਾਵੇਂ ਪੈਂਡਾ,
ਹਰ ਰੋਜ਼ ਕਰੇ ਵੀਹ ਕੋਹ ਦਾ,
ਪਰ ਮਾਲਕ ਦੀ ਗੇੜੀ,
ਤੀਹ ਕੋਹ ਦੀ ਲਵਾਂਵਦਾ।
ਏਸੇ ਤਰ੍ਹਾਂ ਖ਼ਰ ਦੇ,
ਦਿਮਾਗ ਵਾਲ਼ਾ ਬੰਦਾ ਵੀ ਤਾਂ,
ਅਕਲ ਦੀ ਗੱਲ ਬਹੁਤ,
ਘੱਟ ਪੱਲੇ ਪਾਂਵਦਾ।

ਕੋਸ਼ਿਸ਼ਾਂ ਲੱਖ ਭਾਵੇਂ,
ਕਰੋ ਸਮਝਾਉਣ ਦੀਆਂ,
'ਮੈਂ ਨਾ ਮਾਨੂੰ' ਵਾਲ਼ੀ ਰਟ,
ਨਿੱਤ ਹੀ ਲਗਾਂਵਦਾ।

ਵਾਹ ਐਸੇ ਜੀਵਾਂ ਨਾਲ਼,
ਪਾਉਣਾ ਬੜਾ ਮਹਿੰਗਾ ਪੈਂਦਾ,
ਸ਼ਰੀਫ਼ ਬੰਦਾ ਆਪਣੀ ਹੀ,
ਪੱਗ ਹੈ ਲਹਾਂਵਦਾ।

ਬਚਾਈਂ ਰੱਬਾ ਐਸੀਆਂ,
ਰੂਹਾਂ ਕੋਲੋਂ ਮੈਨੂੰ ਵੀ ਤੂੰ,
ਵਾਸਤਾ ਮੈਂ ਤੈਨੂੰ ਅਪਣੀ,
ਜਾਨ ਦਾ ਹਾਂ ਪਾਂਵਦਾ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਰਿਸ਼ੀ ਮੁਨੀਆਂ ਦਾ ਦੇਸ਼

ਲਾਏ ਹੁੰਦੇ ਨੇ ਆਮ ਲੋਕਾਈ ਦੇ ਲਈ
ਕੋਈ ਫਰਕ ਨਾ ਚੋਰਾਂ ਨੂੰ ਤਾਲ਼ਿਆਂ ਦਾ।
ਰਿਹਾ ਕੋਈ ਵਿਸ਼ਵਾਸ ਨਾ ਲੀਡਰਾਂ 'ਤੇ
ਬਾਹਰੋਂ ਗੋਰਿਆਂ ਅੰਦਰੋਂ ਕਾਲ਼ਿਆਂ ਦਾ।
'ਦਲ' ਬਣਦਾ ਏ 'ਪੰਚ ਪ੍ਰਧਾਨਗੀ' 'ਤੇ
ਕਬਜਾ ਹੋ ਜਾਂਦਾ ਜੀਜੇ ਤੇ ਸਾਲ਼ਿਆਂ ਦਾ।
ਅਹੁਦੇਦਾਰ ਕੋਈ ਐਸਾ ਨਾ ਲੱਭਦਾ ਏ
ਜਿਸ'ਤੇ ਹੋਵੇ ਨਾ ਦਾਗ ਘੁਟਾਲ਼ਿਆਂ ਦਾ।
ਨਵਿਆਂ ਉੱਤੇ ਵੀ ਰੰਗ ਏ ਚੜ੍ਹਨ ਲਗਦਾ
ਖਿਝ ਕੇ 'ਕੁਰਸੀ' ਦੇ ਉੱਤੋਂ ਉਠਾਲ਼ਿਆਂ ਦਾ।
ਰਿਸ਼ੀਆਂ ਮੁਨੀਆਂ ਦਾ ਆਖਦੇ ਦੇਸ਼ ਸਾਡਾ
ਹੁਣ ਬਣ ਗਿਆ ਘਾਲ਼ਿਆਂ ਮਾਲ਼ਿਆਂ ਦਾ !

**ਤਰਲੋਚਨ ਸਿੰਘ ਦੁਪਾਲਪੁਰੀ**






# FRASERVIEW MEATS

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1550
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)


.Ck Auto.
CK AUTO SERVICES LTD.
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
NEW
AUPLUS
Comforser
BRIDGESTONE
MICHELIN
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)
215/70R16
COMFORSER
Reg: $155.00
Now : $70.00
235/65R17
COMFORSER
Reg: $220.00
Now : $95.00
245/65R17
COMFORSER
Reg: $240.00
Now : $100.00
215/70R15
GOOD YEAR INTEGRITY
Reg: $120.00
Now : $90.00
SALE
Comforser
Size: 205/60/16
Reg Price: $110
Sale Price : $55
Auplus
Size: 205/60/16
Reg Price: $125
Sale Price : $65
Cell: 778-322-1610, Tel: 604-592-2667 #106-13112-84th Ave.,Surrey